# ਪੰਜਾਬੀ ਗੀਤਕਾਰੀ ਅਤੇ ਗਾਇਕੀ ਵਿਚ ਪੇਸ਼ ਗੁਰੂ ਨਾਨਕ ਦੇ ਬਿੰਬ ਦਾ ਵਿਚਾਰਧਾਰਾਈ ਅਧਿਐਨ

## (ਪੰਜਾਬੀ ਰਿਕਾਰਡ ਗਾਇਕੀ ਦੇ ਵਿਸ਼ੇਸ਼ ਸੰਦਰਭ ਵਿਚ)

ਡਾ. ਸਿਮਰਨਜੀਤ ਸਿੰਘ *

ਸਾਹਿਤ, ਸਮਾਜ ਨੂੰ ਸਮਾਜ ਸਾਹਮਣੇਂ ਵੱਖ-ਵੱਖ ਕਲਾਤਮਿਕ ਰੂਪਾਂ ਮਸਲਨ, ਕਵਿਤਾ, ਨਾਵਲ, ਨਾਟਕ, ਕਹਾਣੀ ਜਾਂ ਵਾਰਤਕ ਵਿਚ ਪੇਸ਼ ਕਰਦਾ ਆਇਆ ਹੈ। ਪਰ ਮੁੱਢ ਤੋਂ ਹੀ ਕਾਵਿ ਮਨੁੱਖੀ ਭਾਵਨਾਵਾਂ ਨੂੰ ਪੇਸ਼ ਕਰਨ ਵਿਚ ਮੋਹਰੀ ਰਿਹਾ ਹੈ ਅਤੇ ਜਿਸਦਾ ਬਹੁਤਾ ਹਿੱਸਾ ਗੀਤ (ਪ੍ਰਗੀਤ) ਪਰੰਪਰਾ ਨੇ ਘੇਰਿਆ ਹੈ। ਸਮੇਂ ਦੇ ਬਦਲਾਵ ਅਤੇ ਆਧੁਨਿਕ ਤਕਨੀਕ ਦੇ ਹੋਂਦ ਵਿਚ ਆਉਣ ਨਾਲ ਅੱਜ ਰਿਕਾਰਡਿਡ ਗੀਤ ਦਾ ਹਰੇਕ ਵਰਗ 'ਤੇ ਐਨਾ ਕੁ ਪ੍ਰਭਾਵ ਪਿਆ ਹੈ ਹੁਣ ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇ ਜਿਸਦੀ ਜੇਬ ਵਿਚ ਮੋਬਾਇਲ ਅਤੇ ਇਸਤੋਂ ਵੀ ਵੱਧ ਗਾਣਿਆਂ ਵਾਲਾ ਮੋਬਾਇਲ ਨਾ ਹੋਵੇ। ਅਜੋਕਾ ਟੀ.ਵੀ. ਕਲਚਰ ਗੀਤਕਾਰੀ ਨੂੰ ਸੁਣਾਉਣ ਦੀ ਥਾਂ ਵਿਖਾਉਣ ਅਤੇ ਨਚਾਉਣ ਦੀ ਵਸਤੂ ਵਜੋਂ ਪੇਸ਼ ਕਰ ਰਿਹਾ ਹੈ। ਦੂਜੇ ਪਾਸੇ ਆਧੁਨਿਕ ਸਾਧਨਾਂ ਅਤੇ ਮੀਡੀਆ ਦੀ ਮਦਦ ਨਾਲ ਗੀਤ ਹੁਣ ਇਕਹਿਰਾ ਕਲਾ ਰੂਪ ਨਹੀਂ ਰਿਹਾ ਸਗੋਂ ਬਹੁ-ਵਿਧਾਈ ਮਿਸ਼ਰਤ ਕਲਾ ਰੂਪ ਵਜੋਂ ਹੋਂਦ ਧਾਰਨ ਕਰ ਰਿਹਾ ਹੈ। ਅੱਜ ਦੇ ਗੀਤ ਦੀ ਆਡੀਓ ਜਿੱਥੇ ਇਸਨੂੰ ਸਾਹਿਤ ਨਾਲ ਜੋੜਦੀ ਹੈ ਉੱਥੇ ਨਾਲ ਹੀ ਇਸਦੀ ਵੀਡੀਓ ਇਸਨੂੰ ਮੀਡੀਏ ਜਾਂ ਫ਼ਿਲਮ ਕਲਾ ਨਾਲ ਵੀ ਜੋੜਦੀ ਹੈ। ਭਾਵੇਂ ਬਹੁਤਾ ਸਮਾਂ ਪੰਜਾਬੀ ਸਾਹਿਤ ਦੇ ਵਿਦਵਾਨ ਆਲੋਚਕਾਂ ਨੇ ਰਿਕਾਰਡਿਡ ਗੀਤ ਨੂੰ ਪੰਜਾਬੀ ਸਾਹਿਤ ਦਾ ਹਿੱਸਾ ਮੰਨਣ ਤੋਂ ਇਨਕਾਰਿਆ ਹੈ। ਪਰ ਇੱਥੇ ਇਸ ਗੱਲ ਨੂੰ ਆਧਾਰ ਮੰਨ ਕੇ ਅਸੀਂ ਆਪਣੇ ਖੋਜ ਪੇਪਰ ਦਾ ਖੇਤਰ ਨਿਰਧਾਰਿਤ ਕਰ ਰਹੇ ਹਾਂ ਕਿ ਅੱਜ ਰਿਕਾਰਡ ਹੋਇਆ ਗੀਤ ਬਾਕੀ ਸਾਹਿਤ ਰੂਪਾਂ ਨਾਲੋਂ ਪੰਜਾਬੀ ਜਨ-ਮਾਨਸ ਦੇ ਵਧੇਰੇ ਨੇੜੇ ਅਤੇ ਅਸਰਦਾਇਕ ਹੈ।

ਅੱਜ ਜਦੋਂ ਗੁਰੂ ਨਾਨਕ ਬਾਣੀ ਵਿਚਲੇ ਸੰਕਲਪਾਂ ਨੂੰ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚੋਂ, ਵੱਖ-ਵੱਖ ਅਧਿਐਨ ਵਿਧੀਆਂ ਰਾਹੀਂ ਘੋਖਿਆ-ਪੜਤਾਲਿਆ ਜਾ ਰਿਹਾ ਹੈ ਤਾਂ ਪੰਜਾਬੀ ਰਿਕਾਰਡ ਗਾਇਕੀ ਅਤੇ ਗੀਤਕਾਰੀ ਵਿਚ ਗੁਰੂ ਨਾਨਕ ਦਾ ਕਿਹੋ ਜਿਹਾ ਬਿੰਬ ਪੇਸ਼ ਕੀਤਾ ਗਿਆ ਹੈ ਅਤੇ ਇਸ ਪੇਸ਼ ਹੋ ਰਹੇ ਬਿੰਬ ਦੇ ਵਿਚਾਰਧਾਰਾਈ ਆਧਾਰ ਕੀ ਹਨ? ਆਦਿ ਵਿਸ਼ੇ ਵੀ ਅਧਿਐਨ ਦੀ ਮੰਗ ਕਰਦੇ ਹਨ। ਸੋ ਇਸੇ ਦਿਸ਼ਾ ਵਿਚ ਹੁਣ ਤੱਕ ਦੀ ਸਮੁੱਚੀ ਪੰਜਾਬੀ ਗਾਇਕੀ, ਜੋ ਕਿਸੇ ਨਾ ਕਿਸੇ ਮਾਧਿਅਮ (ਤਵੇ+ਕੈਸਿਟ+ਸੀ.ਡੀ.+ਡੀ.ਵੀ.ਡੀ. ਅਤੇ ਇੰਟਰਨੈਟ) ਉੱਪਰ ਰਿਕਾਰਡ ਹੋਈ ਮਿਲਦੀ ਹੈ, ਨੂੰ ਘੋਖਣਾ ਤੋਂ ਬਾਅਦ ਨਤੀਜੇ ਵਜੋਂ ਸਾਨੂੰ ਗੁਰੂ ਨਾਨਕ ਨਾਲ ਸਬੰਧਿਤ ਲੱਗਭਗ 60 ਦੇ ਕਰੀਬ ਅਜਿਹੇ



*ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਇਟਰਨਲ ਯੂਨੀਵਰਸਿਟੀ, ਬੜੂ ਸਾਹਿਬ। ਮੋ. 78073-02105

ਗੀਤ ਪ੍ਰਾਪਤ ਹੋਏ, ਜਿੰਨਾਂ ਵਿਚ ਸਿੱਧੇ ਤੌਰ 'ਤੇ ਗੁਰੂ ਨਾਨਕ ਦਾ ਜ਼ਿਕਰ ਹੋਇਆ ਮਿਲਦਾ ਹੈ। ਇਹਨਾਂ ਗੀਤਾਂ ਦੇ ਆਧਾਰ 'ਤੇ ਹੀ ਅਸੀਂ ਹੱਥਲੇ ਖੋਜ-ਪੱਤਰ ਦੀ ਰੂਪ-ਰੇਖਾ ਉਲੀਕੀ ਗਈ ਹੈ।

ਇਕ ਗੱਲ ਜੋ ਇਥੇ ਸਪੱਸ਼ਟ ਹੈ ਉਹ ਕਿ ਕਿਸੇ ਵੀ ਸਾਹਿਤਕ ਰਚਨਾ ਦੇ ਮੁਕਾਬਲਤਨ ਰਿਕਾਰਡ ਗੀਤ ਦਾ ਵਿਚਾਰਧਾਰਾਈ ਅਧਿਐਨ ਕਰਨਾ ਕਈ ਪੱਖਾਂ ਤੋਂ ਗੁੰਝਲਦਾਰ ਹੈ ਕਿਉਂਕਿ ਰਿਕਾਰਡਿਡ ਗੀਤ ਇੱਕ ਮਿਸ਼ਰਤ ਕਲਾ ਹੈ ਜਿਸਨੂੰ ਜਿੱਥੇ ਗੀਤਕਾਰ ਦੀ ਵਿਚਾਰਧਾਰਾ ਪ੍ਰਭਾਵਿਤ ਕਰਦੀ ਹੈ ਉੱਥੇ ਉਸ ਉੱਪਰ ਤਕਨੀਕ ਦੇ ਨਾਲ-ਨਾਲ ਮੰਡੀ ਦੀ ਵਪਾਰਿਕ ਨੀਤੀ ਦਾ ਵੀ ਬਹੁਤ ਪ੍ਰਭਾਵ ਹੁੰਦਾ ਹੈ। 'ਅਸਲ ਵਿੱਚ ਕਲਾਤਮਿਕਤਾ, ਤਕਨੀਕ, ਵਿਚਾਰਧਾਰਾ ਅਤੇ ਵਪਾਰ ਅਦਾਰੇ ਅਲੱਗ-ਅਲੱਗ ਨਹੀਂ ਸਗੋਂ ਇੱਕ-ਦੂਜੇ ਨਾਲ ਅੰਤਰ-ਸਬੰਧਿਤ ਹਨ। ਵੱਡਾ ਸਰਮਾਇਆ ਉੱਚ ਤਕਨੀਕ ਨਾਲ ਆਪਣੀ ਵਿਚਾਰਧਾਰਾ ਫੈਲਾਉਂਦਾ ਹੋਇਆ, ਆਪਣੇ ਕਲਾਤਮਿਕ ਮੁੱਲਾਂ ਨੂੰ ਸਥਾਪਿਤ ਕਰਦਾ ਹੈ।'[1] ਪਰ ਗੀਤ ਦੇ ਸਬੰਧ ਵਿੱਚ ਇਹ ਵੀ ਸੱਚ ਹੈ ਕਿ 'ਗੀਤ ਵਿੱਚ ਕਵਿਤਾ ਦੇ ਮੁਕਾਬਲੇ ਵਧੇਰੇ ਕਰਕੇ ਭਾਵਾਂ ਦੀ ਪ੍ਰਗੀਤਕ ਪੇਸ਼ਕਾਰੀ ਹੁੰਦੀ ਹੈ ਪਰ ਇਹ ਵਿਚਾਰਧਾਰਾ ਤੋਂ ਸੱਖਣਾ ਨਹੀਂ ਹੁੰਦਾ ਸਗੋਂ ਵਧੇਰੇ ਓਤਪੋਤ ਹੁੰਦਾ ਹੈ। ਜਿੰਨ੍ਹਾਂ ਕਲਾ ਰੂਪਾਂ ਵਿੱਚ ਵਿਚਾਰਧਾਰਾ ਦਿਸਣ ਦੀ ਪੱਧਰ' ਤੇ ਹੁੰਦੀ ਹੈ ਉਹ ਰੂਪ ਆਮ ਕਰਕੇ ਤੱਤਕਾਲੀ ਅਸਰ ਵਧੇਰੇ ਪਾਉਂਦੇ ਹਨ ਪਰ ਉਨ੍ਹਾਂ ਦਾ ਚਿਰਸਥਾਈ ਅਸਰ ਘੱਟ ਹੁੰਦਾ ਹੈ। ਇਸਦੇ ਉਲਟ ਸਹਿਜ ਕਲਾ ਰੂਪ ਜਿਵੇਂ ਗੀਤ ਆਦਿ ਵਿੱਚ ਸੰਚਾਰ ਪ੍ਰਭਾਵਸ਼ਾਲੀ ਹੁੰਦਾ ਹੈ। ਇਹ ਨਿਰੋਲ ਤੱਤਕਾਲੀ ਜਜ਼ਬੇ ਦੀ ਭਾਵਤਰੰਗ ਜਾਂ ਦਿਸਦੇ ਤਰਕਾਂ ਦੀ ਥਾਂਵੇ ਅਵਚੇਤਨ ਟੁੰਬਦੇ ਹਨ ਅਤੇ ਇਹ ਮੋੜਵੇਂ ਰੂਪ ਵਿੱਚ ਉਸਦੀ ਸਿਰਜਣਾ ਵੀ ਕਰਦੇ ਹਨ।'[2]

ਅਸਲ ਵਿੱਚ ਜਦੋਂ ਕੋਈ ਆਲੋਚਕ ਪੰਜਾਬੀ ਗਾਇਕੀ ਦੀ ਵਿਚਾਰਧਾਰਾ ਦੀ ਗੱਲ ਕਰਦਾ ਹੈ ਤਾਂ ਉਹ ਅਸਿੱਧੇ ਰੂਪ ਵਿੱਚ ਗੀਤਕਾਰ ਦੀ ਵਿਚਾਰਧਾਰਾ ਹੁੰਦੀ ਹੈ ਨਾ ਕਿ ਗਾਇਕ ਦੀ ਕਿਉਂਕਿ ਗਾਇਕ ਤਾਂ ਗੀਤਕਾਰ ਦੁਆਰਾ ਲਿਖੇ ਗਏ ਗੀਤ ਨੂੰ ਭਾਵ ਪ੍ਰਦਾਨ ਕਰਦਾ ਦਰਸ਼ਕਾਂ ਜਾਂ ਸਰੋਤਿਆਂ ਨਾਲ ਉਸ ਵਿਸ਼ੇ ਦੀ ਸਾਂਝ ਸਥਾਪਿਤ ਕਰਦਾ ਹੈ। ਵਿਚਾਰਧਾਰਾ ਦਾ ਸਬੰਧ, ਮੂਲ ਰੂਪ ਵਿੱਚ ਕਿਸੇ ਵਰਤਾਰੇ ਦੇ ਚਿੰਤਨ+ਚੇਤਨਾ ਨਾਲ ਹੈ। ਗੀਤ ਦੀ ਵਿਚਾਰਧਾਰਾ ਵਿੱਚ ਜਿੱਥੇ ਗੀਤਕਾਰ ਦੀ ਚੇਤਨਾ ਕਾਰਜ ਕਰਦੀ ਹੈ, ਉੱਥੇ ਉਸ ਗੀਤਕਾਰ ਨੇ ਗੀਤ ਵਿਚਲੀ ਚੇਤਨਾ ਦਾ ਚਿੰਤਨ ਕਿਸ ਢੰਗ ਨਾਲ ਕੀਤਾ ਹੈ, ਭਾਵ ਗੀਤ ਦੀ ਉਸਾਰੀ ਕਿਸ ਪ੍ਰਕਾਰ ਕੀਤੀ ਹੈ, ਇਹ ਵੀ ਵਿਚਾਰਧਾਰਾ ਦਾ ਇੱਕ ਹਿੱਸਾ ਹੈ। ਗੀਤਕਾਰ ਗੀਤ ਦੇ ਮਾਧਿਅਮ ਰਾਹੀਂ ਆਪਣੀ ਚੇਤਨਾ ਦੇ ਜ਼ਰੀਏ ਆਲੇ-ਦੁਆਲੇ ਨੂੰ ਸਮਝਣ ਦਾ ਯਤਨ ਕਰਦਾ ਹੈ, ਜਿਸ ਵਿਚੋਂ ਕਈ ਵਿਚਾਰ ਪੈਦਾ ਹੁੰਦੇ ਹਨ ਜੋ ਉਸਦੇ ਗੀਤ ਵਿਚਲੇ ਚਿੰਤਨ ਦਾ ਹਿੱਸਾ ਬਣਦੇ ਹਨ। ਗੀਤ ਦੇ ਵਿਸ਼ੇ ਅਤੇ ਵਿਚਾਰਧਾਰਾ ਨੂੰ ਅੱਡ-ਅੱਡ ਨਹੀਂ ਕੀਤਾ ਜਾ ਸਕਦਾ ਸਗੋਂ ਇਹ ਨਾਲੋ-ਨਾਲ ਚੱਲਦੇ ਹਨ ਕਿਉਂਕਿ ਗੀਤ ਦੇ ਵਿਸ਼ੇ ਪ੍ਰਤੀ ਗੀਤਕਾਰ ਦਾ ਦ੍ਰਿਸ਼ਟੀਕੋਣ ਕੀ ਹੈ , ਇਹੀ ਉਸਦੀ ਵਿਚਾਰਧਾਰਾ ਹੈ। ਦੂਜੀ ਗੱਲ ਇੱਕ ਗੀਤ ਦਾ ਵਿਸ਼ਾ ਇੱਕ ਹੋ ਸਕਦਾ ਹੈ ਜਦੋਂ ਕਿ

ਵਿਚਾਰਧਾਰਕ ਪੱਧਰ' ਤੇ ਉਸਦੇ ਇੱਕ ਤੋਂ ਵਧੀਕ ਪਹਿਲੂ ਹੋ ਸਕਦੇ ਹਨ। ਮੁੱਕਦੀ ਗੱਲ ਇਹ ਹੈ ਕਿ ਜਿੱਥੇ ਗਾਇਕੀ ਦੀ ਪੇਸ਼ਕਾਰੀ ਨਿਰੋਲ ਰੂਪ ਵਿੱਚ ਗਾਇਕ' ਤੇ ਨਿਰਭਰ ਹੁੰਦੀ ਹੈ ਉੱਥੇ ਰਿਕਾਰਡ ਗੀਤ ਦੀ ਵਿਚਾਰਧਾਰਾ ਅੰਦਰ ਮੁੱਖ ਰੂਪ ਵਿੱਚ ਗੀਤਕਾਰ ਦੀ ਦ੍ਰਿਸ਼ਟੀ ਭਾਰੂ ਹੁੰਦੀ ਹੈ ਜਿਸਨੂੰ ਉਸ ਸਮੇਂ ਦੀਆਂ ਸਮਾਜਿਕ ਅਤੇ ਆਰਥਿਕ ਹਾਲਤਾਂ ਦੇ ਨਾਲ-ਨਾਲ ਤਕਨੀਕ ਅਤੇ ਮੰਡੀ ਦੀ ਮੰਗ ਪ੍ਰਭਾਵਿਤ ਕਰਦੀ ਹੈ। ਮਸਲਨ, ਸਾਧਾਰਨ ਨਜ਼ਰਾਂ ਨਾਲ ਦੇਖੀਏ ਤਾਂ ਰਿਕਾਰਡਿਡ ਗਾਇਕੀ ਦੇ ਮੁੱਢਲੇ ਦੌਰ ਤੋਂ ਲੈ ਕੇ ਹੁਣ ਤੱਕ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਜ਼ਿਆਦਾਤਰ ਗੀਤ ਲਾਲ ਚੰਦ ਯਮਲਾ ਜੱਟ ਵੱਲੋਂ ਰਿਕਾਰਡ ਕਰਵਾਏ ਗਏ ਮਿਲਦੇ ਹਨ, ਜਿਸ ਸਦਕਾ ਉਹ ਪੰਜਾਬੀ ਸ੍ਰੋਤਿਆਂ ਵੱਲੋਂ ਹਮੇਸ਼ਾਂ ਹੀ ਵਧਾਈ ਦਾ ਪਾਤਰ ਰਿਹਾ ਹੈ। ਪਰ ਜਦੋਂ ਅਸੀਂ ਇਸ ਵਰਤਾਰੇ ਨੂੰ ਤਕਨੀਕ ਅਤੇ ਮੰਡੀਕਰਣ ਦੇ ਪੱਖ ਤੋਂ ਖੋਜਿਆ ਤਾਂ ਅਸੀਂ ਦੇਖਿਆ ਕਿ ਵਿਸ਼ੇ ਨਾਲ ਸਬੰਧਿਤ ਬਹੁਤੇ ਗੀਤਾਂ ਦੇ ਤਵਿਆਂ ਦਾ ਰਿਕਾਰਡ ਸੰਨ 1969 ਤੋਂ 1970 ਦਾ ਹੈ। ਜਿਸਦਾ ਕਾਰਨ ਇਹ ਹੈ ਕਿ ਉਦੋਂ ਗੁਰੂ ਨਾਨਕ ਸਾਹਿਬ ਦੀ 500 ਸਾਲਾ ਜਨਮ ਸ਼ਤਾਬਦੀ ਸੀ, ਜਿਸ ਵਿਚ ਕੰਪਨੀ ਨੇ ਆਪਣੇ ਮੁਨਾਫੇ ਲਈ ਉਵੇਂ ਹੀ ਇਹ ਗੀਤ ਰਿਕਾਰਡ ਕਰਵਾਏ ਜਿਵੇਂ ਅੱਜ ਤਿਉਹਾਰਾਂ, ਗੁਰਪੁਰਬਾਂ ਜਾਂ ਧਾਰਮਿਕ ਸਾਕਿਆਂ ਦੇ ਦਿਨਾਂ ਵਿਚ ਧੜਾ-ਧੜ ਰਿਕਾਰਡ ਕਰਵਾਏ ਜਾਂਦੇ ਹਨ। ਜਦੋਂ ਅਸੀਂ ਹੱਥਲੇ ਵਿਸ਼ੇ ਨਾਲ ਸਬੰਧਿਤ ਰਿਕਾਰਡ ਹੋਏ ਗੀਤਾਂ ਵਿਚ ਪੇਸ਼ ਗੁਰੂ ਨਾਨਕ ਦੇ ਬਿੰਬ ਦੀ ਵਿਚਾਰਧਾਰਾ ਸਬੰਧੀ ਗੱਲ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਲੋਕਧਾਰਾ ਵਿਚਲੀ ਹੇਠ ਲਿਖੀ ਗਿੱਧੇ ਦੀ ਬੋਲੀ ਵਿਚਲੀ ਵਿਚਾਰਧਾਰਾ ਨੂੰ ਸਮਝਣ ਦੀ ਲੋੜ ਹੈ ਕਿ –

> ਆਵੀਂ ਬਾਬਾ ਨਾਨਕਾ ਨਾਨਕਾ ਤੂੰ ਜਾਵੀਂ ਬਾਬਾ ਨਾਨਕਾ
> ਏਹੋ ਜਿਹੀਆਂ ਖੁਸ਼ੀਆਂ ਲਿਆਵੀਂ ਬਾਬਾ ਨਾਨਕਾ
> ਸੁੱਕੀਆਂ ਵੇਲਾਂ ਨੂੰ ਫ਼ਲ ਲਾਵੀਂ ਬਾਬਾ ਨਾਨਕਾ
> ਘੜੀ ਕੋਈ ਸੁਲੱਖਣੀ ਲਿਆਵੀਂ ਬਾਬਾ ਨਾਨਕਾ

ਇਸ ਬੋਲੀ ਵਿਚ ਜਿੱਥੇ ਭਵਿੱਖ ਪ੍ਰਤੀ ਆਸ਼ਾਵਾਦੀ ਸੋਚ ਅਤੇ ਸਾਕਾਰਤਮਕ ਦ੍ਰਿਸ਼ਟੀਕੋਣ ਹੈ ਉਥੇ ਇਹ ਰਿਜ਼ਕ ਅਤੇ ਅੰਨ-ਭੰਡਾਰ ਦੀਆਂ ਬਰਕਤਾਂ ਦੇ ਸੰਦਰਭ ਵਿਚ ਸਰਬੱਤ ਦੇ ਭਲੇ ਵਾਲਾ ਬਿੰਬ ਪੇਸ਼ ਕਰਦਾ ਹੈ ਜੋ ਗੁਰੂ ਨਾਨਕ ਬਾਣੀ ਵਿਚਲੀ ਵਿਚਾਰਧਾਰਾ ਦਾ ਹੀ ਲੋਕਧਾਰਾਈ ਪ੍ਰਗਟਾਅ ਹੈ। ਪੰਜਾਬੀ ਰਿਕਾਰਡਿਡ ਗਾਇਕੀ ਦੇ ਅੰਤਰਗਤ ਵੀ ਗੁਰੂ ਨਾਨਕ ਨਾਲ ਸਬੰਧਿਤ ਅਜਿਹੇ ਕਈ ਵੰਨਗੀਆਂ ਦੇ ਗੀਤ ਮਿਲਦੇ ਹਨ। ਇਕ ਉਹ ਗੀਤ ਹਨ ਜੋ ਸਿੱਧੇ ਤੌਰ 'ਤੇ ਗੁਰੂ ਨਾਨਕ ਨੂੰ ਸੰਬੋਧਨ ਹਨ। ਦੂਜੀ ਕਿਸਮ ਦੇ ਕੁਝ ਅਜਿਹੇ ਗੀਤ ਵੀ ਹਨ ਜਿੰਨਾਂ ਵਿਚ ਗੁਰੂ ਨਾਨਕ ਦੇ ਜੀਵਨ ਦਰਸ਼ਨ ਨੂੰ ਉਹਨਾਂ ਦੀਆਂ ਸਾਖੀਆਂ ਵਿਚਲੀਆਂ ਘਟਨਾਵਾਂ ਦੇ ਆਧਾਰ 'ਤੇ ਗਾਇਆ ਗਿਆ ਹੈ। ਪਰ ਕੁਝ ਗੀਤਾਂ ਦੀ ਵੀਡੀਓ ਵਿਚ ਗੁਰੂ ਨਾਨਕ ਦਾ ਓਟ-ਆਸਰਾ ਜਾਂ ਗੁਰੂ ਨਾਨਕ ਦੀ ਤਸਵੀਰ ਉਪਰ ਫਲੈਸ਼ ਪਾਈ

ਜਾਂਦੀ ਹੈ, ਜਦੋਂ ਕਿ ਗੀਤ ਦਾ ਵਿਸ਼ਾ ਕੁਝ ਹੋਰ ਹੁੰਦਾ ਹੈ। ਅਜਿਹੇ ਗੀਤਾਂ ਦੀ ਵੀਡੀਓ ਦਾ ਸਿੱਧਾ ਸਬੰਧ ਸਾਡੇ ਇਸ ਖੋਜ ਪੱਤਰ ਨਾਲ ਨਹੀਂ ਹੈ। ਜਦੋਂ ਅਸੀਂ ਹੱਥਲੇ ਖੋਜ ਵਿਸ਼ੇ ਨਾਲ ਸਬੰਧਿਤ ਰਿਕਾਰਡ ਗਾਇਕੀ ਵਿਚਲੇ ਡਾਟੇ ਦਾ ਅਧਿਐਨ ਕੀਤਾ ਤਾਂ ਉਸਦੇ ਵਿਸ਼ਲੇਸ਼ਣ ਵਿਚੋਂ ਕਈ ਨੁਕਤੇ ਸਾਡੇ ਸਾਹਮਣੇ ਆਏ ਜਿੰਨਾਂ ਵਿਚ ਗੁਰੂ ਨਾਨਕ ਦਾ ਬਿੰਬ ਇੱਕੋ ਜਿਹਾ ਨਹੀਂ ਸਗੋਂ ਵੱਖੋ-ਵੱਖਰਾ ਹੈ। ਜਿਸਦੇ ਆਧਾਰ 'ਤੇ ਇਹਨਾਂ ਗੀਤਾਂ ਦੀਆਂ ਹੇਠ ਲਿਖੀਆਂ ਸ਼੍ਰੇਣੀਆਂ ਬਣਦੀਆਂ ਹਨ –

**1. ਗੁਰੂ ਨਾਨਕ ਨੂੰ ਸਿੱਧੇ ਸੰਬੋਧਨੀ ਗੀਤ** – ਇਸ ਸ਼੍ਰੇਣੀ ਵਿਚ ਉਹ ਗੀਤ ਆਉਂਦੇ ਹਨ ਜਿੰਨਾਂ ਵਿਚ ਸਿੱਧੇ ਤੌਰ 'ਤੇ ਸੰਬੋਧਨ ਗੁਰੂ ਨਾਨਕ ਨੂੰ ਕੀਤਾ ਗਿਆ ਹੈ, ਇਹ ਵੀ ਅੱਗੋਂ ਹੇਠ ਲਿਖੇ ਪ੍ਰਕਾਰ ਦੇ ਹਨ-

**1.1 ਜਨਮ-ਸਾਖੀਆਂ ਨਾਲ ਸਬੰਧਿਤ ਧਾਰਮਿਕ ਹਵਾਲਿਆਂ ਵਾਲੇ ਗੀਤ**-

ਪੰਜਾਬੀ ਰਿਕਾਰਡਿਡ ਗਾਇਕੀ ਦੇ ਮੁੱਢਲੇ ਦੌਰ ਤੋਂ ਹੀ ਗੁਰੂ ਨਾਨਕ ਦੀਆਂ ਸਾਖੀਆਂ ਨਾਲ ਆਧਾਰਿਤ ਅਜਿਹੇ ਕਈ ਗੀਤ ਮਿਲਦੇ ਹਨ ਜਿੰਨਾਂ ਵਿਚ ਗੁਰੂ ਸਾਹਿਬ ਦੀ ਸ਼ਖਸੀਅਤ, ਉਹਨਾਂ ਦੇ ਚਮਤਕਾਰੀ ਬਿੰਬ ਅਤੇ ਉਹਨਾਂ ਵੱਲੋਂ ਕੀਤੀਆਂ ਉਦਾਸੀਆਂ ਵਿਚਲੇ ਕਾਰਨਾਮਿਆਂ ਦੀ ਮਹਿਮਾ ਕੀਤੀ ਗਈ ਹੈ। ਅਜਿਹੇ ਬਹੁਤੇ ਗੀਤ ਸ਼ਰਧਾਮੂਲਕ ਬਿਰਤੀ ਵਾਲੇ ਹਨ। ਪੰਜਾਬੀ ਗਾਇਕੀ ਦੀ ਮੁੱਢਲੇ ਦੌਰ ਦੀ ਰਿਕਾਰਡਿੰਗ ਦੇ ਅੰਤਰਗਤ ਰਿਕਾਰਡ ਹੋਈ ਢਾਡੀ ਗਾਇਕੀ ਵਿਚ ਵੀ ਇਸਦੇ ਨਮੂਨੇ ਮਿਲਦੇ ਹਨ। ਪੰਜਾਬੀ ਢਾਡੀ ਗਾਇਕੀ ਦੇ ਸ਼ਾਹਸਵਾਰ ਢਾਡੀ ਅਮਰ ਸਿੰਘ ਸ਼ੌਂਕੀ ਦੁਆਰਾ ਰਿਕਾਰਡ ਹੋਈ ਇਕ ਵਾਰ 'ਵਾਰ ਗੁਰੂ ਨਾਨਕ ਦੇਵ ਜੀ ਅਤੇ ਭੈਣ ਬੇਬੇ ਨਾਨਕੀ' ਮਿਲਦੀ ਹੈ ਜੋ ਸਾਖੀ ਵਿਚਲੀ ਉਸ ਘਟਨਾ 'ਤੇ ਆਧਾਰਿਤ ਹੈ ਜੋ ਭੈਣ-ਭਰਾ ਦੇ ਪਿਆਰ ਦੀ ਸਾਖੀ ਭਰਦੀ ਹੈ, ਮਸਲਨ –

ਵੇ ਵੀਰਾ ਤੁਰ ਗਿਆ ਤੂੰ ਪਰਦੇਸ, ਮੁੜ ਨਾ ਆਇਓ ਭੈਣ ਦੇ ਦੇਸ
ਮੁੱਦਤਾਂ ਬੀਤ ਗਈਆਂ ਵੀਰ ਮੇਰਿਆ, ਤੇਰੇ ਮਿਲਣੇ ਨੂੰ ਦਿਲ ਤਰਸੇ
ਮੇਰੀ ਜਿੰਦੜੀ ਰਹੀ ਹੈ ਟੋਲ, ਇਕ ਵਾਰੀ ਆ ਜਾਣਾ ਮੇਰੇ ਕੋਲ
ਵੀਰਾ ਵੇ ਤੇਰੇ ਮਿੱਠੜੇ ਵੇ ਲੱਗਦੇ ਬੋਲ...[3]
ਓ ਜੱਗ ਦਿਆ ਚਾਨਣਾ ਤੂੰ ਮੁੱਖ ਨਾ ਲੁਕਾ ਵੇ
ਨਾਨਕੀ ਨੂੰ ਮਾਣ ਤੇਰਾ ਤ੍ਰਿਪਤਾ ਨੂੰ ਚਾਅ ਵੇ... [4]
ਚਾਂਦੀ ਦੀਆਂ ਕੌਡਾਂ ਕੁੱਲ ਵੀਹ ਨੇ ਨਕਾਰੀਆਂ
ਕੇਹੜੀ ਗੱਲੋਂ ਰੱਬ ਦੇ ਚਪੇੜਾ ਕੱਢ ਮਾਰੀਆਂ...[5]

ਉਪਰੋਕਤ ਗੀਤ ਜਿਥੇ ਗੁਰੂ ਨਾਨਕ ਦੇ ਉਦਾਸੀਆਂ 'ਤੇ ਤੁਰਨ ਸਮੇਂ ਦੇ ਭਾਵਾਂ ਤੋਂ ਲੈ ਕੇ ਉਸਦੇ ਤੁਰ ਜਾਣ ਦੇ ਬਾਅਦ ਘਰ ਵਿਚਲੀ ਉਦਾਸੀ ਦੀ ਸਥਿਤੀ ਨੂੰ ਪੇਸ਼ ਕਰਦੇ ਹਨ ਉਥੇ ਨਾਲ ਹੀ ਗੁਰੂ ਨਾਨਕ ਦੀਆਂ ਜਨਮ-ਸਾਖੀਆਂ ਵਿਚਲੀਆਂ ਚਮਤਕਾਰੀ ਘਟਨਾਵਾਂ ਨੂੰ ਵੀ ਦ੍ਰਿਸ਼ ਬਿੰਬ ਨਾਲ ਪੇਸ਼ ਕਰਦੇ ਦੇਖੇ ਜਾ ਸਕਦੇ ਹਨ। ਇਹੀ ਨਹੀਂ ਸਮਕਾਲੀ ਪੰਜਾਬੀ ਗਾਇਕੀ ਅੰਦਰ ਵੀ ਅਜਿਹੇ ਗੀਤ ਦੇਖਣ ਨੂੰ

ਮਿਲਦੇ ਹਨ ਜਿੰਨਾਂ ਵਿਚ ਜਿਥੇ ਗੁਰੂ ਨਾਨਕ ਨਾਲ ਸਬੰਧਿਤ ਸ਼ਰਧਾ ਰੂਪੀ ਭਾਵ ਪੇਸ਼ ਕੀਤੇ ਗਏ ਹਨ ਉਥੇ ਨਾਲ ਹੀ ਉਸਦਾ ਕਰਾਮਾਤੀ ਬਿੰਬ ਵੀ ਪੇਸ਼ ਕੀਤਾ ਗਿਆ ਹੈ, ਮਸਲਨ -

ਭੈਣ ਨਾਨਕੀ ਦਾ ਵੀਰ, ਤਨ-ਮਨ ਦਾ ਫ਼ਕੀਰ
ਨੀ ਇਹ ਜੋਗੀਆਂ ਦਾ ਜੋਗੀ ਤੇ ਇਹ ਪੀਰਾਂ ਦਾ ਪੀਰ
ਭੈਣ ਨਾਨਕੀ ਦਾ ਵੀਰ...[6]

ਇਸ ਗੀਤ ਦੇ ਵੀਡੀਓ-ਫਿਲਮਾਂਕਣ ਵਿਚ ਨਾਇਕ (ਦਿਲਜੀਤ ਦੁਸਾਂਝ) ਜੋ ਕਿ ਗਾਇਕ ਵੀ ਹੈ, ਉਹ ਇਕ ਸਕੂਲ ਅਧਿਆਪਕ ਦਾ ਕਿਰਦਾਰ ਨਿਭਾਉਂਦਾ ਹੋਇਆ ਬੱਚਿਆਂ ਨੂੰ ਗੁਰੂ ਨਾਨਕ ਦੀਆਂ ਸਾਖੀਆ 'ਤੇ ਆਧਾਰਿਤ ਗੁਰਮਤਿ ਸਿੱਖਿਆ ਵਿਚਲੇ ਸਿਧਾਂਤਾਂ ਜਿਵੇਂ ਅਨਿਆਂ ਦੇ ਖਿਲਾਫ਼ ਲੜ੍ਹਨਾ ਅਤੇ ਭੁੱਖੇ ਨੂੰ ਰਜਾਉਣਾ ਆਦਿ ਦੀ ਵਿਹਾਰਿਕ ਜਾਣਕਾਰੀ ਪ੍ਰਦਾਨ ਕਰਦਾ ਦਿਖਾਇਆ ਗਿਆ ਹੈ ਜਿਸਦੀ ਪਿੱਠ-ਭੂਮੀ ਵਿਚ ਗੁਰੂ ਨਾਨਕ ਬਾਣੀ ਵਿਚਲਾ ਨੈਤਿਕ ਸਿਧਾਂਤ ਕਾਰਜਸ਼ੀਲ ਹੈ ਜੋ ਸਮੁੱਚੇ ਗੀਤ ਦੇ ਕੈਨਵਸ ਉੱਪਰ ਗੁਰੂ ਨਾਨਕ ਦਾ ਬਿੰਬ ਬਣ ਕੇ ਉੱਘੜਦਾ ਹੈ।

ਭੈਣ ਨਾਨਕੀ ਫਿਰੇ ਖਿਡਾਉਂਦੀ, ਜੱਗ ਦਾ ਸਿਰਜਣਹਾਰਾ
ਤੇਰੀਆਂ ਸਤਿਗੁਰੂ ਤੂੰ ਹੀ ਜਾਣੇ, ਮਿੱਠੜਾ ਲੱਗੇ ਤੇਰਾ ਭਾਣਾ...
ਉਮਰ ਨਿਆਣੀ ਅਕਲ ਸਿਖਾਉਨੈਂ, ਤੂੰ ਪਾਂਧੇ ਨੂੰ ਪੜ੍ਹਨੇ ਪਾਉਨੈਂ
ਨਾ ਹਾੜਾ- ਹਾੜਾ ਘੂਰ ਬਾਬਲਾ, ਦੁਖੀਆਂ ਦੇ ਦੁੱਖ ਦੂਰ ਕਰਨ ਲਈ
ਖੁਦ ਆਇਆ ਬਖਸ਼ਣਹਾਰਾ... [7]

ਇਹ ਗੀਤ ਨਿਰੋਲ ਰੂਪ ਵਿਚ ਗੁਰੂ ਨਾਨਕ ਸਾਹਿਬ ਦੀਆਂ ਸਾਖੀਆਂ 'ਤੇ ਆਧਾਰਿਤ ਉਹਨਾਂ ਦੀ ਚਮਤਕਾਰੀ ਤਸਵੀਰ ਪੇਸ਼ ਕਰਨ ਦੇ ਨਾਲ-ਨਾਲ ਗੁਰੂ ਨਾਨਕ ਬਾਣੀ ਦੇ ਨੈਤਿਕ ਸਿਧਾਂਤਾਂ ਬਾਰੇ ਵੀ ਨਾਨਕ ਦੀ ਬਿੰਬਕਾਰੀ ਕਰਦਾ ਹੈ ਜਿਸ ਵਿਚ ਕਿਰਤ ਕਰੋ-ਨਾਮ ਜਪੋ ਅਤੇ ਵੰਡ ਛਕੋ ਦੇ ਤਿੰਨੇ ਸੰਕਲਪ ਉਜਾਗਰ ਹੁੰਦੇ ਦੇਖੇ ਜਾ ਸਕਦੇ ਹਨ।

ਸੱਚੇ ਸੌਦੇ ਕਰਦੈਂ ਫਿਰਦਾ , ਰਲ਼ ਕੇ ਨਾਲ ਫ਼ਕੀਰਾਂ
ਭੁੱਖਿਆਂ ਤਾਈਂ ਫੇਰ ਖਿਲਾਜਾ, ਪੂੜੇ, ਹਲਵੇ,ਖੀਰਾਂ
ਮੋਦੀਖਾਨੇ ਨੂੰ ਆ ਕੇ ਫੇਰ ਲੁਟਾ
ਨਾਨਕ ਵੀਰਾ, ਸ਼ਾਹੀ ਫ਼ਕੀਰਾ ਵੇ ਕਦੀ ਤਾਂ ਫੇਰਾ ਪਾ [8]
ਅੱਖਾਂ ਬਰਸ ਰਹੀਆਂ, ਰੂਹਾਂ ਤਰਸ ਰਹੀਆਂ
ਕਰੀਂ ਜਾਂਦੀਆਂ ਨੇ ਦਰਸ-ਦੀਦਾਰੇ
ਕਾਹਨੂੰ ਦੇਰ ਤੂੰ ਲਗਾਈ, ਜਿੰਦ ਦੁੱਖਾਂ ਵਿਚ ਪਾਈ
ਆਜਾ ਤ੍ਰਿਪਤਾ ਦੇ ਰਾਜ ਦੁਲਾਰੇ...[9]

ਇਸ ਉਪਰੋਕਤ ਗੀਤ ਵਿਚ ਗੁਰੂ ਨਾਨਕ ਨਾਲ ਸਬੰਧਿਤ ਸਾਖੀਆਂ ਵਿਚੋਂ ਉਦਾਹਰਨਾਂ ਲੈਂਦਿਆਂ ਗੁਰੂ ਨਾਨਕ ਨੂੰ ਮੁੜ ਫਿਰ ਧਰਤੀ 'ਤੇ ਆਉਣ ਲਈ ਹਾਕ ਮਾਰੀ ਜਾਂਦੀ ਹੈ। ਜਿਸ ਪਿੱਛੇ ਪੰਜਾਬੀਆਂ ਦੀ ਮਾਨਸਿਕ ਰੂਪ ਵਿਚ ਇਹ ਧਾਰਨਾ ਹੈ ਕਿ ਉਹ ਗੁਰੂ ਨਾਨਕ ਦੀ ਸ਼ਕਤੀ ਅਤੇ ਉਸਦੀ ਰਹਿਮਤ ਨੂੰ ਤਾਂ ਪੁਰਜ਼ੋਰ ਮੰਨਦੇ ਹਨ ਪਰ ਉਹਨਾਂ ਦੇ ਮਸਤਕ ਵਿਚ ਉਸਦੇ ਲਈ ਤਸਵੀਰ ਬਿੰਬ ਆਮ ਮਨੁੱਖ ਵਾਲਾ ਹੀ ਹੈ। ਕਹਿਣ ਦਾ ਭਾਵ ਇਹ ਹੈ ਕਿ ਬਹੁਤੀ ਵਾਰ ਉਹ ਗੁਰੂ ਨਾਨਕ ਨੂੰ ਕੋਈ ਦੇਵਤਾ ਜਾਂ ਵਲੀ ਨਹੀਂ ਕਿਆਸਦੇ। ਪੰਜਾਬ ਦੀਆਂ ਲੋਕ ਬੋਲੀਆਂ ਵਿਚ ਵੀ ਬਾਬੇ ਨਾਨਕ ਦਾ ਜੋ ਕਾਰਜੀ ਬਿੰਬ ਪੇਸ਼ ਹੋਇਆ ਮਿਲਦਾ ਹੈ, ਉਹ ਭਾਵੇਂ ਦੇਖਣ ਨੂੰ ਸ਼ਕਤੀਸ਼ਾਲੀ ਅਤੇ ਕਰਾਮਾਤੀ ਭਾਵਨਾ ਵਾਲਾ ਲੱਗਦਾ ਹੈ ਜੋ ਸਭ ਕੁਝ ਬਦਲਣ ਦੇ ਸਮਰੱਥ ਹੈ। ਪਰ ਹੈ ਉਹ ਇਕ ਆਮ ਇਨਸਾਨ ਵਰਗਾ ਹੀ, ਮਸਲਨ ਲੋਕ ਬੋਲੀ ਦੇਖ ਲਵੋ – "ਆਵੀਂ ਬਾਬਾ ਨਾਨਕਾ ਤੂੰ ਜਾਵੀਂ ਬਾਬਾ ਨਾਨਕਾ...ਇਹੋ ਜਿਹੀਆਂ ਖੁਸ਼ੀਆਂ ਲਿਆਈਂ ਬਾਬਾ ਨਾਨਕਾ।" ਹੁਣ ਇਸ ਬੋਲੀ ਨੂੰ ਜੇਕਰ ਉਪਰੋਕਤ ਕਸਵੱਟੀ 'ਤੇ ਘੋਖੀਏ ਤਾਂ ਬਾਬੇ ਨਾਨਕ ਨੂੰ ਆਉਣ ਅਤੇ ਜਾਣ ਭਾਵ ਜੰਮਣ/ਮਰਨ ਦੀ ਪ੍ਰਕਿਰਿਆ ਵਿਚ ਰੱਖਿਆ ਗਿਆ ਹੈ, ਉਸਨੂੰ ਆ ਕੇ ਬਹਿਣ ਜਾਂ ਸਦਾ ਥਿਰ ਰਹਿਣ ਬਾਰੇ ਨਹੀਂ ਕਿਹਾ ਗਿਆ, ਸੋ ਮਸਲਾ ਤਾਂ ਆਉਣ-ਜਾਣ ਦਾ ਹੈ, ਜਿਸ ਪਿੱਛੇ ਭਾਰਤੀ ਦਰਸ਼ਨ ਵਿਚਲੀ ਉਹੀ ਮੱਧਕਾਲੀ ਵਿਚਾਰਧਾਰਾ ਕਾਰਜਸ਼ੀਲ ਹੈ, ਜਿਸ ਵਿਚ ਬੰਦੇ ਦਾ ਆਪਣੇ ਤੋਂ ਵੱਡੀ ਕਿਸੇ ਪਰਮ-ਸ਼ਕਤੀ ਲਈ ਸ਼ਰਧਾ ਅਤੇ ਅਟੁੱਟ ਵਿਸ਼ਵਾਸ਼ ਹੁੰਦਾ ਹੈ ਤੇ ਔਖੇ ਸਮੇਂ ਉਹ ਉਸੇ ਅੱਗੇ ਅਰਦਾਸ ਬੇਨਤੀ ਕਰਦਾ ਹੈ ਜਾਂ ਉਸਨੂੰ ਧਿਆਉਂਦਾ ਹੈ। ਦੂਜੇ ਪਾਸੇ ਇਹ ਗੀਤ ਜਿੱਥੇ ਜਨਮ-ਸਾਖੀਆਂ ਵਿਚਲੇ ਭੈਣ-ਪਿਆਰ ਦੇ ਦੁਨਿਆਵੀ ਰਿਸ਼ਤੇ ਸਬੰਧੀ ਬਾਤ ਪਾਉਂਦੇ ਹਨ ਉਥੇ ਇਹਨਾਂ ਵਿਚ ਮੱਧਕਾਲੀ ਵਿਚਾਰਧਾਰਾ ਵਿਚਲਾ ਕਰਾਮਾਤ ਵਾਲਾ ਤੱਤ ਵੀ ਦੇਖਣ ਨੂੰ ਮਿਲਦਾ ਹੈ ਜਿਸਦਾ ਆਧਾਰ ਗੁਰੂ ਨਾਨਕ ਅਤੇ ਭੈਣ ਬੇਬੇ ਨਾਨਕੀ ਵਿਚਲੀ ਉਹ ਸਾਖੀ ਹੈ ਜਿਸ ਅਨੁਸਾਰ ਜਦੋਂ ਵੀ ਬੇਬੇ ਨਾਨਕੀ ਸੱਚੇ ਮਨੋਂ ਵੀਰ ਨਾਨਕ ਨੂੰ ਯਾਦ ਕਰਦੀ ਸੀ ਤਾਂ ਗੁਰੂ ਨਾਨਕ ਜਿੱਥੇ ਵੀ ਹੁੰਦੇ, ਭੈਣ ਦੀਆਂ ਅੱਖਾਂ ਖੁੱਲ੍ਹਣ ਤੋਂ ਪਹਿਲਾਂ ਉਸ ਕੋਲ ਆ ਪ੍ਰਗਟ ਹੋ ਜਾਂਦੇ। ਅਜਿਹੀ ਸ਼੍ਰੇਣੀ ਵਿਚਲੇ ਗੀਤ ਗੁਰੂ ਨਾਨਕ ਦੀ ਮਹਿਮਾ ਦਾ ਗੁਣ-ਗਾਣ ਕਰਦੇ ਦੇਖੇ ਜਾ ਸਕਦੇ ਹਨ –

> ਪਾਂਧੇ ਨੂੰ ਆਪ ਪੜ੍ਹਾਵੇਂ, ਭੁੱਲਿਆਂ ਨੂੰ ਰਸਤੇ ਪਾਵੇਂ
> ਮੇਰਾ ਧੰਨ ਗੁਰੂ ਨਾਨਕ [10]
> ਮੱਝਾਂ ਚਾਰਦਾ ਜਗਤ ਦਾ ਵਾਲੀ, ਜੱਗ ਤੋਂ ਨਿਆਰਾ ਡਾਂਗਰੀ [11]

**1.2 ਸਮਕਾਲੀਨ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਸਬੰਧੀ –**

ਇਸ ਸ਼੍ਰੇਣੀ ਦੇ ਅੰਤਰਗਤ ਉਹ ਗੀਤ ਹਨ, ਜਿੰਨਾਂ ਗੀਤਾਂ ਅੰਦਰ ਪੰਜਾਬ ਦੇ ਬਿੰਬ ਰਾਹੀਂ ਪੂਰੇ ਵਿਸ਼ਵ ਵਿਚ ਵਿਆਪਕ ਸਮਕਾਲੀ ਸਮੱਸਿਆਵਾਂ, ਬੁਰਾਈਆਂ ਅਤੇ ਕਤਲੋਗਾਰਦ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਨੂੰ ਉਹਨਾਂ ਸਮੱਸਿਆਵਾਂ ਦਾ ਹੱਲ ਕਰਨ ਲਈ ਸੰਬੋਧਨ ਕੀਤਾ ਗਿਆ ਹੈ। ਅਜਿਹੇ ਗੀਤਾਂ

ਵਿਚ ਪੇਸ਼ ਗੁਰੂ ਨਾਨਕ ਦਾ ਬਿੰਬ ਮੱਧਕਾਲੀ ਵਿਚਾਰਧਾਰਾ ਦੇ ਅੰਤਰਗਤ ਉਸ ਦੈਵੀ ਸ਼ਕਤੀ ਵਾਲੇ ਪੀਰ, ਪੈਗੰਬਰ ਜਾਂ ਔਲੀਏ ਵਾਲਾ ਹੈ ਜਿਸਨੂੰ ਮੁਸੀਬਤ ਸਮੇਂ ਮੁਸ਼ਕਿਲ ਵਿਚੋਂ ਬਾਹਰ ਕੱਢਣ ਲਈ ਜਿਥੇ ਅਰਦਾਸ/ਬੇਨਤੀ ਕੀਤੀ ਜਾਂਦੀ ਹੈ ਉਥੇ ਨਾਲ ਹੀ ਉਸ ਇਸ਼ਟ ਦੇਵ ਦੀ ਮਹਿਮਾ ਦਾ ਗੁਣਗਾਣ ਵੀ ਕੀਤਾ ਜਾਂਦਾ ਹੈ। ਮਸਲਨ –

ਸਤਿਗੁਰ ਨਾਨਕ ਆਜਾ, ਸੰਗਤ ਪਈ ਪੁਕਾਰਦੀ
ਤੇਰੇ ਹੱਥ ਵਿਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ
**ਜੇਲਾਂ ਵਿਚ ਆ ਕੇ ਦੁਖੀਆਂ ਦਾ ਤੂੰ ਦੁੱਖ ਨਿਵਾਰਿਆ**
ਤੂੰ ਕਰਮ ਕਮਾਇਆ ਐਸਾ, ਡੁੱਬਿਆਂ ਨੂੰ ਤਾਰਿਆ
**ਤੂੰ ਆਕੜ ਭੰਨੀ ਦਾਤਾ ਬਾਬਰ ਸਰਕਾਰ ਦੀ** ...
**ਪਰਬਤ ਨੂੰ ਪੰਜਾ ਲਾ ਕੇ ਤੂੰ ਡਿੱਗਦਾ ਬਚਾ ਲਿਆ**
**ਵਲੀਆਂ ਦੇ ਵਲ-ਛਲ ਕੱਢ ਕੇ ਤੂੰ ਰਾਹੇ ਪਾ ਲਿਆ**
ਤੇਰੀ ਬਾਣੀ ਦੇ ਵਿਚ ਦਾਤਾ ਹਰ ਬਾਤ ਵਿਚਾਰ ਦੀ
ਤੇਰੇ ਹੱਥ ਵਿਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ...[12]
ਸੰਗਤਾਂ ਨੂੰ ਦੇ ਜਾ ਤੂੰ ਦੀਦਾਰ ਦਾਤਿਆ
ਤਪ ਰਹੇ ਨੇ ਸੀਨੇ ਆ ਕੇ ਠਾਰ ਦਾਤਿਆ...[13]

ਉਪਰੋਕਤ ਗੀਤ ਵਿਚਲੇ ਗੂੜ੍ਹੇ ਕੀਤੇ ਹਵਾਲੇ ਗੁਰੂ ਨਾਨਕ ਨਾਲ ਸਬੰਧਿਤ ਸਾਖੀਆਂ ਵਿਚਲੇ ਇਤਿਹਾਸਿਕ ਪ੍ਰਸੰਗਾਂ ਤੋਂ ਲਏ ਗਏ ਹਨ, ਜਿਸ ਵਿਚ ਨੇਕੀ ਅਤੇ ਬਦੀ ਦੇ ਹਵਾਲੇ ਦਿੰਦਿਆਂ ਗੁਰੂ ਨਾਨਕ ਦੁਆਰਾ ਬਦੀ ਦਾ ਨਾਸ਼ ਕਰਦਿਆਂ ਨੇਕੀ ਵਿਚਲੇ ਜਸ ਦੀ ਵਡਿਆਈ ਕੀਤੀ ਗਈ ਹੈ। ਇਥੇ ਗੁਰੂ ਨਾਨਕ ਦਾ ਬਿੰਬ ਕਰਾਮਤੀ ਸ਼ਖਸੀਅਤ ਵਾਲਾ ਪੇਸ਼ ਹੋ ਰਿਹਾ ਹੈ। ਇਸ ਵੰਨਗੀ ਦੇ ਕੁਝ ਗੀਤ ਇਤਿਹਾਸਿਕ ਤੱਥਾਂ 'ਤੇ ਵੀ ਆਧਾਰਿਤ ਹਨ। ਮਸਲਨ ਹੇਠਲਾ ਗੀਤ ਬਾਬਰ ਦੁਆਰਾ ਕੀਤੇ ਗਏ ਕਤਲੇਆਮ ਅਤੇ ਬਰਬਰੀਅਤ ਸਬੰਧੀ ਸਾਖੀ ਭਰਦਾ ਦੇਖਿਆ ਜਾ ਸਕਦਾ ਹੈ। ਇਹੀ ਨਹੀਂ ਸਗੋਂ ਇਸ ਗੀਤ ਦੀ ਵੀਡੀਓ ਨੂੰ ਜੇਕਰ ਵਿਚਾਰਧਾਰਕ ਤੌਰ ਦੇ ਦੇਖੀਏ ਤਾਂ ਇਸ ਵਿਚਲੇ ਸਾਰੇ ਜ਼ੁਲਮੀ ਪਾਤਰਾਂ ਦੀਆਂ ਅੱਖਾਂ 'ਤੇ ਪੱਟੀਆਂ ਬੰਨੀਆਂ ਹੋਈਆਂ ਹਨ, ਭਾਵ ਕਿ ਉਹ ਜ਼ਿਹਨੀ ਤੌਰ 'ਤੇ ਅੰਨੇ ਹੋਏ ਹਨ। ਇਸ ਵਿਚ ਸਾਖੀਆਂ ਵਿਚਲੇ ਇਤਿਹਾਸ ਤੋਂ ਮਦਦ ਲੈ ਕੇ ਸਮਕਾਲੀ ਸਥਿਤੀ ਨੂੰ ਤੁਲਨਾਇਆ ਗਿਆ ਹੈ, ਜਿਸ ਵਿਚ ਨੇਕੀ ਅਤੇ ਬਦੀ ਦਾ ਟਕਰਾਅ ਦਿਖਾ ਕੇ ਨੇਕੀ ਦੀ ਜਿੱਤ ਨੂੰ ਗੁਰੂ ਨਾਨਕ ਦੇ ਬਿੰਬ ਰਾਹੀਂ ਉਘਾੜਿਆ ਗਿਆ ਹੈ। ਮਸਲਨ -

ਬਾਬਰ ਦੇ ਜੇਲਖਾਨੇ, ਪੀਸਣ ਨੂੰ ਮਿਲਦੇ ਦਾਣੇ
ਚੱਕੀ ਤਾਂ ਬੋਲੇ ਸਤਿਕਰਤਾਰ ਨਾਨਕ

ਤੱਕਿਆ ਮੈਂ ਬਾਬਰ ਦੇ ਦਰਬਾਰ ਇਕ ਮਸਤਾਨਾ ਜੋਗੀ...[14]

ਇਸ ਸ਼ੇਣੀ ਵਿਚਲੇ ਕੁਝ ਗੀਤ ਮੰਗਲਾਚਰਨੀ ਗੀਤਾਂ ਵਾਂਗ ਹਨ ਜੋ ਜਿਥੇ ਸਮਕਾਲੀ ਬੁਰਾਈਆਂ ਅਤੇ ਸਮੱਸਿਆਵਾਂ ਸਬੰਧੀ ਜ਼ਿਕਰ ਕਰਦੇ ਹਨ ਉਥੇ ਅਜਿਹੇ ਗੀਤਾਂ ਨੂੰ ਗਾਇਕ ਆਪਣਾ ਅਖਾੜਾ ਸ਼ੁਰੂ ਕਰਨ ਲੱਗੇ ਗਾਉਂਦੇ ਸਨ। ਮਸਲਨ ਲਾਲ ਚੰਦ ਯਮਲਾ ਜੱਟ ਦਾ ਹੇਠਲਾ ਗੀਤ ਇਸੇ ਵੰਨਗੀ ਦੇ ਤਹਿਤ ਰੱਖਿਆ ਜਾ ਸਕਦਾ ਹੈ –

ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਏ
ਨੀਝਾਂ ਲਾ-ਲਾ ਵੇਂਹਦੀ ਦੁਨੀਆਂ ਸਾਰੀ ਏ
ਭੁੱਲ ਭੁਲੇਖੇ ਮੁੜ ਕੇ ਫੇਰਾ ਪਾ ਜਾਵੀਂ
ਚਾਰੇ ਕੂੰਟ ਹਨੇਰਾ ਜੋਤ ਜਗਾ ਜਾਵੀਂ
ਬਾਣੀ ਦੀ ਥਾਂ ਫੈਸ਼ਨ ਚੜ੍ਹੀ ਖੁਮਾਰੀ ਏ
ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਏ...[15]

ਇਹੀ ਨਹੀਂ ਕੁਝ ਗੀਤ ਸਮਕਾਲੀ ਪੰਜਾਬ ਵਿਚ ਵਾਤਾਵਰਨ ਪ੍ਰਦੂਸ਼ਣ ਦੇ ਨਾਲ-ਨਾਲ ਮਾਦਾ ਭਰੂਣ-ਹੱਤਿਆ ਵਰਗੀਆਂ ਬੁਰਾਈਆਂ ਨੂੰ 'ਰੁੱਖ ਕਦੇ ਨਾ ਵੱਢੋ ਤੇ ਨਾ ਮਾਰੋ ਧੀਆਂ ਨੂੰ' ਸਲੋਗਨ ਰਾਹੀਂ ਜਿਥੇ ਪੰਜਾਬ ਦੇ ਬਾਸ਼ਿੰਦਿਆਂ ਨੂੰ ਹਲੂਣਦੇ ਹਨ ਉਥੇ ਉਹਨਾਂ ਦੇ ਜ਼ਮੀਰ 'ਤੇ ਵਿਅੰਗ ਜਾਂ ਕਟਾਕਸ਼ ਵੀ ਕਰਦੇ ਹਨ। ਵਿਚਾਰਧਾਰਕ ਪੱਧਰ 'ਤੇ ਅਜਿਹੇ ਗੀਤ ਗੁਰੂ ਨਾਨਕ ਦੇ **ਬਲਿਹਾਰੀ ਕੁਦਰਤ ਵਸਿਆ** ਅਤੇ **ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ** ਵਾਲੇ ਫਲਸਫੇ ਦਾ ਹੀ ਸਰਲ ਸ਼ਬਦਾਂ ਵਿਚ ਤਰੁਜ਼ਮਾ ਕਹੇ ਜਾ ਸਕਦੇ ਹਨ, ਮਸਲਨ –

ਆਜਾ ਗੁਰੂ ਨਾਨਕ ਆਜਾ, ਤੇਰੀ ਅੱਜ ਲੋੜ ਐ...
**ਅੱਜ-ਕੱਲ੍ਹ ਤਾਂ ਭੈਣ ਨਾਨਕੀ, ਕੁੱਖਾਂ ਵਿਚ ਜਾਂਦੀ ਮਾਰੀ**
ਰੱਖੜੀ ਨੂੰ ਤਰਸਣ ਵੀਰੇ ਦਿਸਦੀ ਨਾ ਭੈਣ ਪਿਆਰੀ
ਮਾਪੇ ਹੀ ਕਾਤਲ ਬਣ ਗਏ, ਅਕਲ ਦੀ ਥੋੜ ਐ
ਆਜਾ ਗੁਰੂ ਨਾਨਕ ਆਜਾ, ਤੇਰੀ ਅੱਜ ਲੋੜ ਐ...[16]

ਅਜੋਕੇ ਸਮੇਂ ਅੰਦਰ ਪੰਜਾਬ ਵਿਚ 'ਡੇਰਾਵਾਦ' ਨੇ ਆਪਣਾ ਚੋਖਾ ਗਲਬਾ ਅਖਤਿਆਰ ਕੀਤਾ ਹੈ। ਹੇਠਲਾ ਗੀਤ ਸਮਕਾਲੀ ਡੇਰਾਵਾਦ 'ਤੇ ਸਿੱਧਾ ਵਿਅੰਗ ਹੈ। ਇਸ ਸਮੁੱਚੇ ਗੀਤ ਅੰਦਰ ਬਾਬੇ ਨਾਨਕ ਦਾ ਬਿੰਬ ਮਹਿਜ਼ ਇਕ ਦ੍ਰਿਸ਼ਟਾਂਤ ਵਜੋਂ ਪੇਸ਼ ਹੋ ਰਿਹਾ ਹੈ, ਜਦੋਂ ਕਿ ਸਾਰੇ ਗੀਤ ਦੇ ਕੈਨਵਸ 'ਤੇ ਪੰਜਾਬ ਵਿਚਲੇ ਡੇਰਾਵਾਦ ਅਤੇ ਪਾਖੰਡੀ ਬਾਬਿਆਂ 'ਤੇ ਵਿਅੰਗ਼ ਹੈ। ਇਸ ਪੂਰੇ ਗੀਤ ਦੀ ਸਥਾਈ ਅੰਦਰ ਗੁਰੂ ਨਾਨਕ ਦਾ ਬਿੰਬ ਕਿਰਤ ਕਰੋ, ਨਾਮ ਜੱਪੋ ਅਤੇ ਵੰਡ ਛਕੋ ਵਾਲਾ ਹੈ ਜਦੋਂ ਕਿ ਗੀਤ ਦੇ ਬਾਕੀ ਅੰਤਰੇ

ਡੇਰਾਵਾਦ ਵਾਲੇ ਪਾਖੰਡੀ ਅਤੇ ਵਿਹਲੜ ਬਾਬਿਆਂ ਦੇ ਪਾਜ ਉਧੇੜਦੇ ਹਨ। ਇਸ ਗੀਤ ਦੀ ਸ਼ੈਲੀ ਤੁਲਨਾਤਮਕ ਹੈ –

ਇਕ ਬਾਬਾ ਨਾਨਕ ਸੀ, ਜੀਹਨੇ ਤੁਰ ਕੇ ਦੁਨੀਆਂ ਗਾਹ 'ਤੀ
ਇਕ ਅੱਜ ਦੇ ਬਾਬੇ ਨੇ ਬੱਤੀ ਲਾਲ ਗੱਡੀ 'ਤੇ ਲਾ 'ਤੀ...[17]

ਕੁਝ ਗੀਤਾਂ ਵਿਚ ਜਨਮਸਾਖੀਆਂ ਵਿਚਲੇ ਖਲ-ਪਾਤਰਾਂ ਦੇ ਬਿੰਬ ਲੈਕੇ ਆਧੁਨਿਕ ਮਨੁੱਖ ਅੰਦਰ ਪੈਦਾ ਹੋਏ ਵਿਕਾਰਾਂ ਅਤੇ ਬੁਰਾਈਆਂ ਵਿਚਲੀ ਪ੍ਰਸੰਗਿਕਤਾ ਨੂੰ ਵੀ ਤੁਲਨਾਇਆ ਗਿਆ ਮਿਲਦਾ ਹੈ, ਜਿਥੇ ਅਜੋਕੇ ਮਨੁੱਖ ਦਾ ਬਿੰਬ ਉਹਨਾਂ ਖਲ-ਪਤਾਰਾਂ ਦੀ ਤੁਲਨਾ ਵਿਚ ਬੜ ਬੌਣਾ ਨਜ਼ਰ ਆਉਂਦਾ ਹੈ:-

**ਕੌਡੇ ਨਾਲੋਂ ਹੁਣ ਵੀ ਵੱਧ ਕੇ ਰਾਕਸ਼ ਨੇ**
ਕੂੜ-ਕਮਾਂਦੇ ਫਿਰਦੇ ਝੂਠੇ ਆਸ਼ਕ ਨੇ
ਛੱਡ ਜਾਣਾ ਨਿਹੁੰ ਲਾ ਕੇ ਕੀ ਦਿਲਦਾਰੀ ਏ, ਸਤਿਗੁਰ ਨਾਨਕ...
ਤੇਰੇ ਏਥੇ ਬੰਦੇ ਆਦਮ ਖਾਣੇ ਨੇ
**ਸੱਜਣ ਨਾਲੋਂ ਵੱਧ ਕੇ ਠੱਗ ਸਿਆਣੇ ਨੇ**
ਤਕੜੇ ਦੇ ਹੱਥ ਮੁੜ ਕੇ ਫੜੀ ਕਟਾਰੀ ਏ, ਸਤਿਗੁਰ ਨਾਨਕ...
**ਭਾਗੋਂ ਵਰਗਿਆਂ ਲੋਕਾਂ ਲੁੱਟ ਮਚਾਈ ਏ**
ਹੱਕ ਬੇਗਾਨਾ ਖਾਣਾ ਕੀ ਵਡਿਆਈ ਏ
ਅੱਜ ਉਹ ਮੌਜ ਉਡਾਵੇ ਜੋ ਹੰਕਾਰੀ ਏ
ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਏ...[18]

**1.3 ਮੰਗਲ-ਭਾਵਨਾ ਵਾਲੇ ਅਰਦਾਸ/ਬੇਨਤੀ ਮੂਲਕ ਗੀਤ-**

ਇਸ ਸ਼੍ਰੇਣੀ ਦੇ ਅੰਤਰਗਤ ਉਹਨਾਂ ਗੀਤਾਂ ਦਾ ਅਧਿਐਨ ਸ਼ਾਮਿਲ ਕੀਤਾ ਗਿਆ ਹੈ ਜੋ ਮੰਗਲ ਭਾਵਨਾਵਾਂ ਵਾਲੇ ਹਨ ਅਤੇ ਜਿੰਨਾਂ ਨੂੰ ਮੰਗਲਾਚਰਣੀ ਗੀਤ ਵੀ ਕਿਹਾ ਜਾ ਸਕਦਾ ਹੈ। ਅਜਿਹੀ ਕਿਸਮ ਦੇ ਜ਼ਿਆਦਾਤਰ ਗੀਤਾਂ ਵਿਚ ਗੁਰੂ ਨਾਨਕ ਨੂੰ ਸੰਬੋਧਨ ਕਰਦਿਆਂ ਬੰਦਾ ਵਿਅਕਤੀਗਤ ਤੌਰ 'ਤੇ ਆਪਣੀਆਂ ਬੁਰਾਈਆਂ ਅਤੇ ਐਬਾਂ ਨੂੰ ਦੂਰ ਕਰਦਿਆਂ ਸਚਿਆਰਾ ਬਣਨ ਸਬੰਧੀ ਉਸਨੂੰ ਮਿਹਰ ਅਤੇ ਰਹਿਮਤ ਕਰਨ ਲਈ ਬੇਨਤੀ ਕਰਦਾ ਹੈ ਜੋ ਗੁਰੂ ਨਾਨਕ ਦੀ ਵਿਚਾਰਧਾਰਾ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।। ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ" ਦਾ ਵਿਹਾਰਕ ਪੱਖ ਹੈ। ਗੀਤ ਦੀ ਸਥਾਈ ਨੂੰ ਦੇਖਣ 'ਤੇ ਅਜਿਹੇ ਗੀਤ ਭਾਵੇਂ ਵਿਅਕਤੀਗਤ ਭਾਵਨਾਵਾਂ ਵਾਲੇ ਲੱਗਦੇ ਹਨ ਪਰ ਗੀਤ ਦੇ ਸਮੁੱਚੇ ਬੰਦਾਂ ਅੰਦਰ ਸਰਬੱਤ ਦੇ ਭਲੇ ਵਾਲਾ (ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ) ਬਿੰਬ ਕਾਰਜਸ਼ੀਲ ਹੈ। ਇਸਦੇ ਨਾਲ ਹੀ ਸਮੁੱਚੇ ਗੀਤ ਦੀ ਭਾਵਨਾ ਅੰਦਰ

ਗੁਰਮਤਿ ਦਰਸ਼ਨ ਵਿਚਲੇ 'ਸਾਹਿਬ ਹਥ ਵਡਿਆਈਆਂ ਜਿਸੁ ਭਾਵੈ ਤਿਸ ਦੇਹਿ' ਦੇ ਸੰਕਲਪ ਨੂੰ ਵੀ ਵਿਹਾਰਕ ਪੱਧਰ 'ਤੇ ਸਮਝਿਆ ਜਾ ਸਕਦਾ ਹੈ। ਹੇਠ ਲਿਖੇ ਕੁਝ ਗੀਤ ਇਸ ਵਿਚਾਰਧਾਰਾ ਨਾਲ ਸਬੰਧਿਤ ਦੇਖੇ ਜਾ ਸਕਦੇ ਹਨ -

ਦਾਤਾ ਨਿਗ੍ਹਾ ਸਵੱਲੀ ਰੱਖੀ, ਦਿਲ ਦੇ ਵਿਚ ਤਸੱਲੀ ਰੱਖੀ
ਬਾਕੀ ਸਾਰੀ ਰਹਿਮਤ ਤੇਰੀ, ਧੰਨ ਮੇਰੇ ਬਾਬਾ ਨਾਨਕ ਜੀ
ਪਿੱਠ ਨਾ ਲੱਗਣ ਦਿਓ ਮੇਰੀ... [19]
ਸਤਿਗੁਰ ਨਾਨਕ ਸਭਨਾਂ ਉੱਤੇ ਮਿਹਰ ਰੱਖੀਂ
ਦੁੱਖ ਨਾ ਕਿਸੇ ਦੇ ਵਿਹੜੇ, ਬਹੁਤੀ ਦੇਰ ਰੱਖੀਂ
ਹਰ ਵੇਹੜੇ ਖੁਸ਼ੀਆਂ ਦਾ ਦੀਵਾ ਬਲਦਾ ਰਹੇ
ਕਿਸੇ ਦੇ ਵੇਹੜੇ ਕਦੇ ਨਾ ਰੱਬਾ ਹਨੇਰ ਰੱਖੀਂ ...[20]
ਹੱਥ ਜੋੜ ਕਰਾਂ ਅਰਦਾਸਾਂ ਤੇਰੇ ਅੱਗੇ
ਨਿਥਾਵਿਆਂ ਨੂੰ ਦੇਵੀਂ , ਥਾਂਵ ਮਾਲਕਾ
ਨਿਪੱਤਿਆਂ ਦੀ ਹੱਥ ਦੇ ਕੇ ਰੱਖਲੀ ਤੂੰ ਲਾਜ
ਤੇ ਨਿਮਾਣਿਆਂ ਨੂੰ ਦੇਵੀਂ ਮਾਣ ਮਾਲਕਾ... [21]
ਇਕੋ ਅਰਦਾਸ ਤੇਰੇ ਤਾਈਂ ਬਾਬਾ ਨਾਨਕਾ
ਉਂਗਲੀ ਤੋਂ ਫੜ੍ਹ ਕੇ ਚਲਾਈ ਬਾਬਾ ਨਾਨਕਾ
ਕਿਤੇ ਪੈਸੇ ਦੀ ਪਰਤ ਚੜ੍ਹ ਜਾਏ,
ਮੈਂ ਕਿਤੇ ਬੰਦਾ ਹੀ ਅਜ਼ੀਬ ਹੋ ਜਾਵਾਂ
ਦੇਖੀਂ ਐਨੀ ਵੀ ਅਮੀਰੀ ਨਾ ਦੇਈਂ,
ਕਿਤੇ ਦਿਲ ਤੋਂ ਗਰੀਬ ਹੋ ਜਾਵਾਂ ...[22]
ਗੁਰੂ ਨਾਨਕ ਮੇਰਾ ਬਖਸ਼ਣਹਾਰਾ, ਮੈਂ ਬਾਬੇ ਦਾ ਭੁੱਲਣਹਾਰਾ,
ਮੇਰੇ ਅੰਦਰੋਂ ਦੂਰ ਹਨੇਰ ਕਰੇਂ, ਮੇਰਾ ਬਾਬਾ ਨਾਨਕ ਮੇਹਰ ਕਰੇਂ...[23]
ਮੈਂ ਸੋਭਾ ਸੁਣ ਕੇ ਆਇਆ, ਉੱਚਾ ਦਰ ਬਾਬੇ ਨਾਨਕ ਦਾ...[24]

ਉਪਰੋਕਤ ਸਾਰੇ ਗੀਤਾਂ ਵਿਚ ਸਾਂਝੇ ਤੌਰ 'ਤੇ ਇਕ ਗੱਲ ਜੋ ਸਾਹਮਣੇ ਆਉਂਦੀ ਹੈ ਉਹ ਕਿ ਇਹਨਾਂ ਗੀਤਾਂ ਵਿਚ ਗੁਰੂ ਨਾਨਕ ਦਾ ਬਿੰਬ ਪੂਰਨ ਤੌਰ 'ਤੇ ਗੁਰਬਾਣੀ ਦੀ ਵਿਚਾਰਧਾਰਾ ਦਾ ਹੀ ਅਨੁਸਾਰੀ ਹੈ, ਜਿਸ ਵਿਚ ਗੁਰੂ ਨਾਨਕ ਬਾਣੀ ਵਿਚਲਾ 'ਸਰਬੱਤ ਦੇ ਭਲੇ' ਵਾਲਾ ਸਿਧਾਂਤ ਇਹਨਾਂ ਗੀਤਾਂ ਦੇ ਕੈਨਵਸ 'ਤੇ ਫੈਲਿਆ ਹੈ।

**1.4 ਵੰਡ ਦੇ ਦੁਖਾਂਤ ਨਾਲ ਸਬੰਧਿਤ –**

ਇਸ ਸ਼੍ਰੇਣੀ ਵਿਚ ਉਹਨਾਂ ਗੀਤਾਂ ਦਾ ਅਧਿਐਨ ਕੀਤਾ ਗਿਆ ਹੈ ਜਿੰਨਾਂ ਵਿਚ ਸੰਬੋਧਨ ਭਾਵੇਂ ਗੁਰੂ ਨਾਨਕ ਨੂੰ ਕੀਤਾ ਗਿਆ ਹੈ ਪਰ ਗੀਤ ਦਾ ਆਧਾਰ 1947 ਵਿਚ ਹੋਈ ਪੰਜਾਬ ਦੀ ਵੰਡ ਦਾ ਦੁਖਾਂਤ ਹੈ। ਇਸ ਵਿਸ਼ੇ ਨਾਲ ਸਬੰਧਿਤ ਲੱਗਭਗ ਸਾਰੇ ਗੀਤਾਂ ਅੰਦਰ ਗੁਰੂ ਨਾਨਕ ਨੂੰ ਸੰਬੋਧਨੀ ਸ਼ੈਲੀ ਰਾਹੀਂ ਦੋਹਾਂ ਪੰਜਾਬਾਂ ਵਿਚਲੀ ਵੰਡ ਮੇਟਣ ਦੀ ਅਰਜ਼ੋਈ ਕੀਤੀ ਗਈ ਹੈ ਜਿਸਦਾ ਪ੍ਰਮੁੱਖ ਆਧਾਰ ਨਨਕਾਣਾ ਸਾਹਿਬ ਦਾ ਰੁਦਨ ਹੈ । ਇਹਨਾਂ ਗੀਤਾਂ ਰਾਹੀਂ ਜਿਥੇ ਇਕ ਪਾਸੇ ਇੱਧਰਲੇ ਪੰਜਾਬੀਆਂ ਦੇ ਮਨਾਂ ਅੰਦਰ ਲੰਮੇ ਸਮੇਂ ਤੋਂ ਧੁਖਦੀ ਨਨਕਾਣੇ ਦੀ ਯਾਦ ਨੂੰ ਛੋਹਿਆ ਗਿਆ ਹੈ, ਉੱਥੇ ਦੂਜੇ ਪਾਸੇ ਉਧਰਲੇ ਪੰਜਾਬੀਆਂ ਦੇ ਮਨਾਂ ਵਿਚਲਾ ਸ੍ਰੀ ਅੰਮ੍ਰਿਤਸਰ ਸਾਹਿਬ ਪ੍ਰਤੀ ਉਦਰੇਵਾਂ ਵੀ ਦੇਖਣਯੋਗ ਹੈ, ਜਿਸ ਵਿਚੋਂ ਗੀਤਕਾਰਾਂ ਦੁਆਰਾ ਇਸ ਮਸਲੇ ਦੀਆਂ ਰਾਜਨੀਤਿਕ ਅਤੇ ਸਮਾਜਿਕ ਚਾਲਾਂ ਦੇ ਪਾਜ ਉਧੇੜਣ ਸਬੰਧੀ ਵੀ ਇਸ਼ਾਰਾ ਕੀਤਾ ਮਿਲਦਾ ਹੈ –

**ਪੰਜਾ ਤੇ ਨਨਕਾਣਾ ਨਜ਼ਰਾਂ ਤੋ ਦੂਰ ਨੇ**
ਓ ਤੇਰੀ ਦੀਦ ਦੀ ਖਾਤਿਰ ਅੱਖੀਆਂ ਮਜ਼ਬੂਰ ਨੇ
ਯਮਲੇ ਜੱਟ ਦੀ ਤੂੰਬੀ ਤੈਨੂੰ ਵਾਜਾਂ ਮਾਰਦੀ
ਤੇਰੇ ਹੱਥ ਵਿਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ...[25]
ਅਸੀਂ ਐਧਰ ਬੈਠੇ ਤਰਸਦੇ ਆ, ਸਾਨੂੰ ਕਦ ਦਿਸੂ ਨਨਕਾਣਾ
ਓਹ ਓਧਰ ਬੈਠੇ ਤਰਸਦੇ ਨੇ, ਕਦ ਅੰਮ੍ਰਿਤਸਰ ਨੂੰ ਆਉਣਾ
ਇਹ ਦੋ ਕਦਮਾਂ ਦੀ ਦੂਰੀ ਨੂੰ, ਬਾਬਾ ਨਾਨਕ ਕਦੋਂ ਮਿਟਾਵੇਂਗਾ
ਸਾਨੂੰ ਨਨਕਾਣਾ ਉਹਨਾਂ ਨੂੰ ਕਦ ਹਰਿਮੰਦਰ ਦਿਖਲਾਵੇਂਗਾ...[26]

ਇਸ ਸ਼੍ਰੇਣੀ ਨਾਲ ਸਬੰਧਿਤ ਇਕ ਗੀਤ 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ' ਗਾਇਕ ਅਮਰ ਸਿੰਘ ਚਮਕੀਲੇ ਦਾ ਅਜਿਹਾ ਸੰਬੋਧਨੀ ਸ਼ੈਲੀ ਦਾ ਗੀਤ ਹੈ, ਜਿਸਨੇ ਉਸਨੂੰ ਸਚਮੁੱਚ ਵਿਚ ਅਮਰ ਕਰ ਦਿੱਤਾ। ਇਸ ਗੀਤ ਵਿਚ 1947 ਦੀ ਵੰਡ ਨੂੰ ਆਧਾਰ ਬਾਣਾ ਕੇ ਗੁਰੂ ਨਾਨਕ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਵੰਡ ਦੇ ਦੁਖਾਂਤ ਨਾਲ ਤੁਲਨਾਇਆ ਗਿਆ ਹੈ। ਇਹ ਗੀਤ ਉਸੇ ਤਰ੍ਹਾਂ ਦਾ ਹੀ ਪ੍ਰਤਿਕਰਮ ਰੂਪ ਹੈ ਜਿਵੇਂ ਬਾਬੇ ਨਾਨਕ ਦੁਆਰਾ ਬਾਬਰ ਦੁਆਰਾ ਕੀਤੇ ਐਮਨਾਬਾਦ 'ਤੇ ਕਤਲੇਆਮ ਦੇ ਸੰਦਰਭ ਵਿਚ 'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ' ਦਾ ਉਲਾਂਭਾ ਦਿੱਤਾ ਸੀ। ਠੀਕ ਉਸੇ ਪ੍ਰਕਾਰ ਇਸ ਗੀਤ ਰਾਹੀਂ ਵੰਡ ਦੇ ਦੁਖਾਂਤ ਅਤੇ ਕਤਲੋਗਾਰਦ ਦਾ ਉਲਾਂਭਾ ਗੁਰੂ ਨਾਨਕ ਨੂੰ ਦਿੱਤਾ ਗਿਆ ਹੈ। ਮਸਲਨ –

ਤੂੰ ਹਿੰਦੂ ਤੇ ਮੁਸਲਮਾਨ ਸੀ ਹਿੱਕ ਨਾਲ ਲਾਉਂਦਾ
ਇੱਕੋ ਰਾਮ-ਰਹੀਮ ਨੇ ਗੱਲ ਬਹਿ ਸਮਝਾਉਂਦਾ
ਹੈ ਰਸਤੇ ਵੱਖੋ-ਵੱਖਰੇ ਪਰ ਇਕ ਟਿਕਾਣਾ

ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ...
ਏਥੇ ਭਾਈ ਜੰਮ ਪਏ ਨੇ ਭਾਈਆਂ ਦੇ ਵੈਰੀ
ਕੌੜੇ ਰਾਖਸ਼ ਜੰਮ ਪਏ ਕਈ ਵਲੀ ਕੰਧਾਰੀ
ਚੋਰਾਂ ਨੇ ਗਲ ਪਾ ਲਿਆ ਸਾਧਾਂ ਦਾ ਬਾਣਾ
ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ...[27]

ਪੰਜਾਬੀ ਕਵਿਤਾ ਦੇ ਹਵਾਲੇ ਨਾਲ ਜੇਕਰ ਦੇਖੀਏ ਤਾਂ ਪੰਜਾਬੀ ਕਵੀਆਂ ਨੇ ਵੀ ਵੰਡ ਦੇ ਦੁਖਾਂਤ ਦੀ ਪੇਸ਼ਕਾਰੀ ਕਰਨ ਲਈ ਸੰਬੋਧਨ ਗੁਰੂ ਨਾਨਕ ਨੂੰ ਹੀ ਕੀਤਾ ਹੈ। ਇਸ ਸਬੰਧੀ ਡਾ. ਹਰਿਭਜਨ ਸਿੰਘ ਦੀ ਕਵਿਤਾ 'ਐ ਬਾਬਾ ! ਤੇਰਾ ਵਤਨ ਮੁੜ ਵੀਰਾਨ ਹੋ ਗਿਆ' ਅਤੇ ਡਾ. ਸੁਰਜੀਤ ਪਾਤਰ ਦੀ ਕਵਿਤਾ 'ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ, ਹੁਣ ਸ਼ਿਵ ਕੁਮਾਰ ਦੀ ਵਾਰੀ ਏ...' ਇਸਦੀ ਅਨੂਠੀ ਮਿਸਾਲ ਹਨ। ਇਹਨਾਂ ਗੀਤਾਂ ਪਿੱਛੇ ਗੁਰੂ ਨਾਨਕ ਦਾ ਬਿੰਬ ਉਸ ਅਵਤਾਰਵਾਦੀ ਵਿਚਾਰਧਾਰਾ ਦੇ ਅੰਤਰਗਤ ਆਉਂਦਾ ਹੈ ਜੋ ਮੁਸੀਬਤ ਸਮੇਂ ਮੁੱਢ ਤੋਂ ਹੀ ਆਪਣੇ ਭਗਤਾਂ ਦੀ ਪੈਜ ਰੱਖਦਾ ਆਇਆ ਹੈ।

**2. ਗੁਰੂ ਨਾਨਕ ਸਬੰਧੀ ਅਸਿੱਧੇ ਸੰਬੋਧਨੀ ਗੀਤ-**

ਇਸ ਸ਼੍ਰੇਣੀ ਅੰਦਰ ਉਹ ਗੀਤ ਰੱਖੇ ਗਏ ਹਨ ਜੋ ਭਾਵੇਂ ਸਿੱਧੇ ਤੌਰ 'ਤੇ ਗੁਰੂ ਨਾਨਕ ਨੂੰ ਸੰਬੋਧਨ ਨਹੀਂ ਪਰ ਉਹਨਾਂ ਗੀਤਾਂ ਵਿਚ ਕਿਸੇ ਨਾ ਕਿਸੇ ਰੂਪ ਅੰਦਰ ਗੁਰੂ ਨਾਨਕ ਦੀ ਗੱਲ ਕੀਤੀ ਗਈ ਮਿਲਦੀ ਹੈ। ਅਜਿਹੇ ਗੀਤ ਵੀ ਇਕੋ ਜਿਹੇ ਨਾ ਹੋ ਕੇ ਹੇਠ ਲਿਖੇ ਵੱਖੋ-ਵੱਖਰੀ ਕਿਸਮ ਦੇ ਹਨ –

**2.1. ਜਨਮ-ਸਾਖੀਆਂ ਆਧਾਰਿਤ ਗੀਤ** –

ਇਸ ਸ਼੍ਰੇਣੀ ਵਿਚ ਉਹ ਗੀਤ ਆਉਂਦੇ ਹਨ ਜਿੰਨਾਂ ਵਿਚ ਗੁਰੂ ਨਾਨਕ ਦੀ ਸ਼ਖਸੀਅਤ ਦੀ ਮਹਿਮਾ ਕੀਤੀ ਗਈ ਹੈ। ਜਿਸ ਵਿਚੋਂ ਨਾਨਕ ਦੀ ਸ਼ਖਸੀਅਤ ਦੇ ਤੱਤ (ਕਿਰਤੀ, ਭਲਾ ਕਰਨ ਵਾਲਾ, ਲੋੜਵੰਦਾਂ ਦੀ ਮੱਦਦ ਕਰਨ ਵਾਲਾ, ਸੱਚਾਈ ਦੇ ਰਸਤੇ 'ਤੇ ਚੱਲਣ ਵਾਲਾ ਅਤੇ ਪੱਕਾ ਗ੍ਰਹਿਸਤੀ) ਉਜਾਗਰ ਹੁੰਦੇ ਹਨ। ਅਜਿਹੇ ਗੀਤਾਂ ਅੰਦਰ ਵੀ ਪ੍ਰੋਖ ਰੂਪ ਵਿਚ ਗੁਰੂ ਨਾਨਕ ਦੇ ਜੀਵਨ ਸਬੰਧੀ ਮਹਿਮਾ ਦਾ ਗੁਣਗਾਨ ਕੀਤਾ ਗਿਆ ਹੈ, ਜਿਸਦਾ ਆਧਾਰ ਜਨਮ-ਸਾਖੀਆਂ ਹਨ -

ਨਾਨਕੀ ਦਾ ਵੀਰ ਸਈਓ...ਨਾਨਕੀ ਦਾ ਵੀਰ
ਨਾਨਕੀ ਦਾ ਵੀਰ ਸਈਓ... ਹੋ ਗਿਆ ਫ਼ਕੀਰ
ਲੋਕ ਭੈੜੇ ਬੋਲੀ ਜਾਂਦੇ ਮਾਰੀਂ ਜਾਂਦੇ ਤੀਰ...[28]
ਹੱਥ ਵਿਚ ਖੂੰਡੀ ਮੋਢੇ ਖੇਸੀ ਡੱਬੀ ਦਾਰ ਨੀ
ਨਾਨਕੀ ਦਾ ਵੀਰਾ ਰਿਹਾ ਮੱਝੀਆਂ ਨੂੰ ਚਾਰ ਨੀ...[29]

ਉਪਰੋਕਤ ਗੀਤ ਜਿਥੇ ਨਾਨਕ ਦੁਆਰਾ ਉਦਾਸੀਆਂ 'ਤੇ ਤੁਰਨ ਸਮੇਂ ਦਾ ਹਾਲ ਬਿਆਨ ਕਰਦਾ ਹੈ ਉਥੇ ਦੂਜਾ ਗੀਤ ਗੁਰੂ ਨਾਨਕ ਦੇ ਕਿਰਤ ਸਬੰਧੀ ਸਿਧਾਂਤ ਦਾ ਵਿਹਾਰਿਕ ਪ੍ਰਗਟਾਅ ਹੈ ਜੋ

ਕਰਤਾਰਪੁਰ ਵਿਖੇ ਮੱਝੀਆਂ ਚਰਾਉਣ ਦੀ ਸਾਖੀ ਵਜੋਂ ਜਾਣਿਆ ਜਾਂਦਾ ਹੈ। ਇਸ ਵਿਚੋਂ ਗੁਰੂ ਨਾਨਕ ਦਾ ਬਿੰਬ ਇਕ ਕਿਰਤੀ ਵਜੋਂ ਪੇਸ਼ ਹੋ ਰਿਹਾ ਹੈ।

ਇਸ ਤੋਂ ਬਿਨਾਂ ਇਕ ਗੀਤ ਸਾਨੂੰ ਗੁਰੂ ਨਾਨਕ ਦੇ ਹਵਾਲੇ ਨਾਲ ਭਾਈ ਮਰਦਾਨਾ ਅਤੇ ਭਾਈ ਬਾਲਾ ਜੀ ਨਾਲ ਸਬੰਧਿਤ ਵੀ ਰਿਕਾਰਡ ਹੋਇਆ ਮਿਲਿਆ ਹੈ। ਇਹ ਗੀਤ ਆਪਣੇ-ਆਪ ਵਿਚ ਗੁਰਮਤਿ ਵਿਚਾਰਧਾਰਾ ਵਿਚਲੇ ਸੰਕਲਪ (ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ) ਰਾਹੀਂ ਗੁਰਮੁਖਾਂ ਦੀ ਦੋਸਤੀ ਸਬੰਧੀ ਅਜਿਹਾ ਬਿੰਬ ਪੇਸ਼ ਕਰਦਾ ਹੈ ਜਿਸ ਵਿਚ ਜ਼ਾਤ-ਪਾਤ ਅਤੇ ਧਰਮ ਕੋਈ ਮਾਇਨੇ ਨਹੀਂ ਰੱਖਦੇ ਸਗੋਂ ਮਨੁੱਖ ਦਾ ਸਭ ਤੋਂ ਵੱਡਾ ਧਰਮ ਇਨਸਾਨੀਅਤ ਹੈ। ਸੋ ਇਹ ਗੀਤ ਦ੍ਰਿਸ਼ ਬਿੰਬ ਰਾਹੀਂ ਗੁਰੂ ਨਾਨਕ ਦੀ ਸਰਬ-ਸਾਂਝੀਵਾਲਤਾ ਵਾਲੀ ਵਿਚਾਰਧਾਰਾ ਦਾ ਪ੍ਰਗਟਾਅ ਕਰਦਾ ਦੇਖਿਆ ਜਾ ਸਕਦਾ ਹੈ –

ਇਕ ਤਾਰ ਪਿਆ ਛੇੜੇ, ਚੌਰ ਦੂਜੇ ਹੱਥ ਫੱਬੇ
ਮੇਰੇ ਮਾਹੀ ਦੇ ਦੋ ਸਾਥੀ, ਇਕ ਸੱਜੇ ਇਕ ਖੱਬੇ
ਇਕ ਗੰਗਾ ਨਾਹੁਣ ਵਾਲਾ, ਦੂਜਾ ਮੱਕੇ ਦਾ ਪੁਜਾਰੀ
ਤਾਂ ਵੀ ਦੋਵਾਂ ਦੀ ਟੁੱਟੀ ਨਾ, ਸਾਰੀ ਉਮਰਾਂ ਦੀ ਯਾਰੀ
ਨਾ ਸੀ ਧੰਨ ਦੇ ਖਜਾਨੇ, ਨਾ ਹੀ ਨੋਟਾਂ ਦੇ ਥੱਬੇ
ਮੇਰੇ ਮਾਹੀ ਦੇ ਦੋ ਸਾਥੀ, ਇਕ ਸੱਜੇ ਇਕ ਖੱਬੇ...[30]

ਗੁਰੂ ਨਾਨਕ ਦੀਆਂ ਜਨਮ-ਸਾਖੀਆਂ ਵਿਚ ਉਹਨਾਂ ਦੀ ਵੱਡੀ ਭੈਣ ਬੇਬੇ ਨਾਨਕੀ ਦੇ ਪਿਆਰ-ਦੁਲਾਰ ਦਾ ਜ਼ਿਕਰ ਹੋਰਨਾਂ ਵਿਅਕਤੀਆਂ ਦੇ ਮੁਕਾਬਲਤਨ ਸਭ ਤੋਂ ਜ਼ਿਆਦਾ ਮਿਲਦਾ ਹੈ। ਗੀਤਕਾਰਾਂ ਨੇ ਵੀ ਜ਼ਿਆਦਾਤਰ ਇਸਨੂੰ ਆਪਣੇ ਗੀਤਾਂ ਦਾ ਵਿਸ਼ਾ ਬਣਾਇਆ ਹੈ। ਸ਼ਾਇਦ ਇਸਦਾ ਕਾਰਨ ਇਹ ਵੀ ਹੈ ਕਿ ਪੰਜਾਬੀ ਲੋਕ-ਮਨ ਅੰਦਰ ਭੈਣ-ਭਰਾ ਦਾ ਰਿਸ਼ਤਾ ਇਕ ਗੂਹੜੀ ਸਕੀਰੀ ਹੈ, ਜੋ ਸਾਰੀ ਉਮਰ ਦਾ ਸਾਕ ਹੈ ਜਿਸਦਾ ਪ੍ਰਗਟਾਵਾ ਲੋਰੀਆਂ ਤੋਂ ਲੈ ਕੇ ਘੋੜੀਆਂ ਤੱਕ ਹੋਇਆ ਮਿਲਦਾ ਹੈ। ਸੋ ਹੇਠਲੇ ਗੀਤ ਅੰਦਰ ਵੀ ਭੈਣ-ਭਰਾ ਦੀ ਇਸੇ ਭਾਵਨਾ ਦਾ ਪ੍ਰਗਟਾਵਾ ਹੋਇਆ ਮਿਲਦਾ ਹੈ। ਇਸ ਗੀਤ ਅੰਦਰ ਗੁਰੂ ਨਾਨਕ ਦਾ ਬਿੰਬ ਇੱਕ ਦੁਨਿਆਵੀ ਮਨੁੱਖ ਵਜੋਂ ਪੇਸ਼ ਹੋ ਰਿਹਾ ਹੈ ਜਿਸ ਵਿਚ ਵੱਡੀ ਭੈਣ ਦੇ ਨਿੱਕੇ ਵੀਰ ਦੇ ਜਨਮ ਨਾਲ ਸਬੰਧਿਤ ਚਾਅ-ਮਲਾਰ ਵੀ ਪੇਸ਼ ਹੋ ਰਹੇ ਹਨ, ਮਸਲਨ -

ਚਿੱਤ ਕਰਦੈ ਮੈਂ ਬੰਨ੍ਹਦਾ ਸੇਹਰਾ
ਇਕ ਦਿਨ ਦਾ ਅਜੇ ਵੀਰ ਹੈ ਮੇਰਾ
ਓ ਲਾਡ ਲਡਾਉਂਦੀ, ਨਾ ਮੈਂ ਥੱਕਦੀ,
ਰੁੱਸ ਨਾ ਜਾਵੇ ਵੀਰ ਇਹ ਮੇਰਾ
ਵੀਰ ਮੇਰੇ ਦੀ ਵੰਡੇ ਲੋਹੜੀ, ਭਰ-ਭਰ ਮੁੱਠੀਆਂ ਮਾਂ

ਭੈਣ ਨਾਨਕੀ ਕਹੇ ਵੀਰ ਦਾ ਨਾਨਕ ਰੱਖਣਾ ਨਾਂਅ...[31]

**2.2 ਆਸ਼ਾਵਾਦੀ ਸੋਚ 'ਤੇ ਆਧਾਰਿਤ–**

ਭਾਵੇਂ ਕਿ ਗੁਰੂ ਨਾਨਕ ਨਾਲ ਸਿੱਧੇ ਸੰਬੋਧਨੀ ਗੀਤਾਂ ਵਿਚ ਜ਼ਿਆਦਾਤਰ ਗੀਤ ਸਮਕਾਲੀ ਪੰਜਾਬ ਦੀ ਦੁਖਾਂਤਕ ਸਥਿਤੀ ਸਬੰਧੀ ਪੰਜਾਬੀ ਬੰਦੇ ਨੂੰ ਚਿੰਤਾ ਅਤੇ ਚਿੰਤਨ ਦੇ ਨਾਲ ਜੋੜਦੇ ਹਨ ਪਰ ਨਾਲ ਹੀ ਕੁਝ ਗੀਤ ਪੰਜਾਬ ਅੰਦਰ ਆਰਥਿਕ ਅਤੇ ਸਮਾਜਿਕ ਸਥਿਤੀਆਂ ਸਬੰਧੀ ਆਸ਼ਾਵਾਦੀ ਸੋਚ ਦਾ ਬਿੰਬ ਵੀ ਪ੍ਰਗਟ ਕਰਦੇ ਹਨ ਜਿੰਨਾਂ ਪਿੱਛੇ ਮੱਧਕਾਲੀ ਵਿਚਾਰਧਾਰਾ ਵਾਲਾ ਕਰਮ+ਕਿਰਤ ਸਿਧਾਂਤ ਕਾਰਜਸ਼ੀਲ ਹੈ। ਹੇਠਲਾ ਗੀਤ ਇਸਦੀ ਸਾਖੀ ਭਰਦਾ ਦੇਖਿਆ ਜਾ ਸਕਦਾ ਹੈ ਜਿਥੇ ਇਕ ਪਾਸੇ 'ਗੁਰੂ ਨਾਨਕ ਦੇ ਖੇਤਾਂ 'ਚੋਂ ਬਰਕਤ ਨਹੀਂ ਜਾ ਸਕਦੀ' ਆਖਿਆ ਜਾ ਰਿਹਾ ਹੈ ਉਥੇ ਦੂਜੇ ਪਾਸੇ ਨਾਲ ਹੀ ਗੁਰੂ ਨਾਨਕ ਦੇ ਬਿੰਬ ਨੂੰ 'ਬਾਬਾ ਮੱਝੀਆਂ ਚਰਾਉਂਦਾ ਦਿਸਦੈ ਐ... ਪਾਣੀ ਖੇਤਾਂ ਨੂੰ ਲਾਉਂਦਾ ਦਿਸਦਾ ਏ...' ਰਾਹੀਂ ਪੇਸ਼ ਕੀਤਾ ਗਿਆ ਹੈ ਜੋ ਸਿੱਧੇ ਰੂਪ ਵਿਚ ਪੰਜਾਬ ਦੀ ਨੌਜਆਨੀ ਨੂੰ ਹੱਥੀਂ ਕਿਰਤ ਕਰਨ ਦੀ ਤਾਕੀਦ ਕਰਦਾ ਹੈ ਅਤੇ ਜਿਸ ਸਦਕਾ ਹੀ ਪੰਜਾਬ ਅੰਦਰ ਮੁੜ ਬਰਕਤਾਂ ਅਤੇ ਖੁਸ਼ਹਾਲੀ ਆਉਣ ਦੀ ਆਸ ਬੱਝਦੀ ਹੈ। ਅੱਜ ਪੰਜਾਬੀ ਨੌਜੁਆਨ ਵਰਗ ਹੱਥੀਂ ਕਿਰਤ ਕਰਨ ਤੋਂ ਲੱਗਭਗ ਟੁੱਟ ਚੁੱਕਾ ਹੈ ਸ਼ਾਇਦ ਇਸੇ ਕਰਕੇ ਗੀਤਕਾਰ ਇਸ ਗੀਤ ਦੀ ਸਥਾਈ ਦੀ ਤੁਕ ਵਿਚ 'ਬਾਬਾ ਮੱਝੀਆ ਚਰਾਉਂਦਾ ਦਿਸਦਾ ਏ' ਦਾ ਵਾਰ-ਵਾਰ ਦੁਹਰਾਅ ਕਰਕੇ ਪੰਜਾਬੀ ਮਨ ਨੂੰ ਕਿਰਤ ਦੇ ਅਸਲ ਅਰਥਾਂ ਤੋਂ ਵਾਰ-ਵਾਰ ਜਾਣੂ ਕਰਵਾਉਂਦਾ ਹੈ:

ਕਿਉਂ ਨੀ ਬੰਦਿਆਂ ਕਰਦਾ ਪਾਸੇ ਪਾਪ-ਪਾਖੰਡਾਂ ਨੂੰ
ਸਿਰ 'ਤੇ ਚੁੱਕੀ ਫਿਰਦੈਂ ਕਿਉਂ ਭਰਮਾਂ ਦੀਆਂ ਪੰਡਾਂ ਨੂੰ
ਕਦੇ ਵੀ ਚੱਕੀ ਸਿਰ 'ਤੇ ਰੱਬ ਦੀ ਛੱਤ ਨਹੀਂ ਜਾ ਸਕਦੀ
ਗੁਰੂ ਨਾਨਕ ਦਿਆਂ ਖੇਤਾਂ 'ਚੋਂ ਬਰਕਤ ਨਹੀਂ ਜਾ ਸਕਦੀ
ਬਾਬਾ ਮੱਝੀਆਂ ਚਰਾਉਂਦਾ ਦਿਸਦੈ ਐ...
ਪਾਣੀ ਖੇਤਾਂ ਨੂੰ ਲਾਉਂਦਾ ਦਿਸਦੇ ਐ
ਹੱਟ ਸੱਚ ਦੀ ਚਲਾਉਂਦਾ ਦਿਸਦੈ ਐ
ਨਾਲੇ ਲੰਗਰ ਛਕਾਉਂਦਾ ਦਿਸਦੈ ਐ...[32]

ਉਪਰੋਕਤ ਗੀਤ ਦੀਆਂ ਤੁਕਾਂ ਵਿਚ ਬਾਬੇ ਨਾਨਕ ਦਾ ਕਿਰਤ ਕਰੋ, ਨਾਮ ਜੱਪੋ ਅਤੇ ਵੰਡ ਛਕੋ ਦੇ ਸਿਧਾਂਤ ਦਾ ਪ੍ਰਗਟਾਵਾ ਹੋਇਆ ਮਿਲਦਾ ਹੈ ਜੋ ਪੰਜਾਬ ਵਿਚ ਸਮਕਾਲੀ ਸੰਕਟ ਦੇ ਬਾਵਜੂਦ ਵੀ ਆਸ਼ਾਵਾਦੀ ਦ੍ਰਿਸ਼ਟੀਕੋਣ ਦਾ ਸੁਨੇਹਾ ਦੇ ਰਿਹਾ ਹੈ। ਉਪਰੋਕਤ ਬੰਦ ਵਿਚ ਜਿੱਥੇ ਰੱਬੀ ਬਰਕਤਾਂ ਦੀ ਗੱਲ ਹੈ ਉਥੇ ਇਹ ਗੀਤ ਡੁੱਬ ਰਹੇ ਪੰਜਾਬ ਦੀ ਨੌਜੁਆਨੀ ਲਈ ਆਸ ਬੰਨ੍ਹਦਾ ਹੈ। ਸ਼ਾਇਦ ਇਸੇ ਲਈ ਇਸ ਗੀਤ ਦੀ ਵੀਡੀਓ ਵਿਚ ਪੰਜਾਬ ਦੇ ਨੌਜੁਆਨ ਨੂੰ ਹੱਥੀਂ ਮਿਹਨਤ ਕਰਦਾ ਹੋਇਆ ਫਿਲਮਾਇਆ

ਗਿਆ ਹੈ। ਦੂਜੇ ਪਾਸੇ ਗਾਇਕ ਦਿਲਜੀਤ ਦੁਸਾਂਝ ਦੁਆਰਾ ਹੀ ਗਾਇਆ ਗਿਆ 'ਆਰ ਨਾਨਕ-ਪਾਰ ਨਾਨਕ' ਅਜਿਹਾ ਗੀਤ ਹੈ ਜਿਸ ਵਿਚ ਬਾਬੇ ਨਾਨਕ ਦੀ ਧਰਤੀ 'ਤੇ ਹੋਣ ਵਾਲੀ ਆਮਦ ਸਬੰਧੀ ਉਸਦੀਆਂ ਬਰਕਤਾਂ ਅਤੇ ਮਿਹਰਾਂ ਦੀ ਸਿਫ਼ਤ ਕੀਤੀ ਗਈ ਮਿਲਦੀ ਹੈ –

ਧਰਤੀ ਧੰਨ ਹੋਈ, ਧੰਨ ਹੋਏ ਅੰਬਰ
ਸੱਭੇ ਦੁੱਖ ਮੁੱਕੇ ਸੱਚੇ ਪਾਤਸ਼ਾਹ ਜੀ
ਹੱਥ ਬੰਨ੍ਹਦੇ ਆਂ, ਮੱਥਾ ਟੇਕਦੇ ਆ
ਤੁਸੀਂ ਆਣ ਢੁੱਕੇ, ਸੱਚੇ ਪਾਤਸ਼ਾਹ ਜੀ
ਹੇਠਾਂ ਚਾਨਣ ਦਾ ਦਰਿਆ ਵਗੇ
ਉੱਤੋਂ ਮੇਹਰ ਦਾ ਵਰਸੇ ਮੇਘ ਬਾਬਾ
ਆਰ ਨਾਨਕ ਪਾਰ ਨਾਨਕ, ਸਭ ਦਾ ਏਕੰਕਾਰ ਨਾਨਕ...[33]

**2.3 ਬ੍ਰਹਿਮੰਡੀ ਸਰੋਕਾਰਾਂ ਨਾਲ ਸਬੰਧਿਤ** –

ਇਸ ਸ਼੍ਰੇਣੀ ਅੰਦਰ ਉਹ ਗੀਤ ਆਉਂਦੇ ਹਨ ਜੋ ਗੁਰੂ ਨਾਨਕ ਦੇ 'ਬਲਿਹਾਰੀ ਕੁਦਰਤ ਵਸਿਆ...' ਦੇ ਮਾਧਿਅਮ ਰਾਹੀਂ ਮਨੁੱਖ-ਮਾਤਰ ਦੇ ਪ੍ਰੇਮ ਵਿਚਲੇ ਭਾਵ ਬਿੰਬਾਂ ਨੂੰ ਪੇਸ਼ ਕਰਦੇ ਹਨ। ਇਹੀ ਨਹੀਂ ਇਹਨਾਂ ਗੀਤਾਂ ਪਿੱਛੇ ਨਾਨਕ ਦੀ 'ਕੁਦਰਤ ਕਵਣੁ ਕਹਾ ਵੀਚਾਰੁ' ਵਾਲੀ ਵਿਚਾਰਧਾਰਾ ਵੀ ਕਾਰਜ ਕਰਦੀ ਦੇਖੀ ਜਾ ਸਕਦੀ ਹੈ ਜਿਸਦੇ ਅੰਤਰਗਤ ਗੁਰੂ ਨਾਨਕ ਘਟ-ਘਟ ਕੇ ਅੰਤਰ ਕੀ ਜਾਨਤ ਹੈ ਅਤੇ ਉਸਦੀ ਪੈਦਾ ਕੀਤੀ ਕੁਦਰਤ ਦਾ ਪਾਸਾਰ ਅਨੰਤ ਹੈ, ਮਸਲਨ –

ਹਰ ਬੰਦੇ ਦੀ ਆਵਾਜ਼ ਵਿਚ ਓਹ ਆਪ ਬੋਲਦਾ
ਹਰ ਪੰਛੀ ਦੀ ਪਰਵਾਜ਼ ਵਿਚ ਓਹ ਆਪ ਬੋਲਦਾ
ਹਰ ਰੂਹ ਵਿਚ ਮੌਜਾਂ ਮਾਣਦਾ ਮੇਰਾ ਬਾਬਾ ਨਾਨਕ
ਸਭਨਾ ਦੇ ਦਿਲ ਦੀ ਜਾਣਦੈ ਮੇਰਾ ਬਾਬਾ ਨਾਨਕ...[34]

**2.4 ਸਮਾਜਿਕ ਸੰਕਟਾਂ ਦੇ ਪ੍ਰਸੰਗ ਵਿਚ ਨੈਤਿਕਤਾ ਨਾਲ ਸਬੰਧਿਤ** –

ਅੱਜ ਸਮੁੱਚਾ ਵਿਸ਼ਵ ਸਮਾਜਿਕ ਸੰਕਟਾਂ ਨਾਲ ਘਿਰਿਆ ਹੋਇਆ ਹੈ। ਕੁਝ ਸੰਕਟ ਕੁਦਰਤੀ ਹਨ ਅਤੇ ਕੁਝ ਮਨੁੱਖ ਦੀ ਆਪਣੀ ਅਣਗਹਿਲੀ ਅਤੇ ਆਪ-ਹੁਦਰੇਪਣ ਦੁਆਰਾ ਪੈਦਾ ਕੀਤੇ ਹੋਏ ਹਨ। ਗਾਇਕਾ ਹਰਸ਼ਦੀਪ ਦੁਆਰਾ ਗਾਇਆ 'ਨਾਨਕ ਦੀ ਸੋਚ' ਗੀਤ ਪੂਰਨ ਤੌਰ 'ਤੇ ਭਰੂਣ ਹੱਤਿਆ ਦੇ ਪ੍ਰਸੰਗ ਵਿਚ ਮਨੁੱਖੀ ਹਿਰਦਿਆਂ ਨੂੰ ਹਲੂਣਦਾ ਹੈ ਜਾਂ ਲਾਹਨਤਾਂ ਪਾਉਂਦਾ ਹੈ। ਇਸ ਗੀਤ ਵਿਚ ਜਿਥੇ ਗੁਰੂ ਨਾਨਕ ਦੀ 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ' ਵਾਲੀ ਵਿਚਾਰਧਾਰਾ ਦੀ ਵਿਹਾਰਿਕ ਪੱਧਰ 'ਤੇ ਪੇਸ਼ਕਾਰੀ ਕੀਤੀ ਗਈ ਹੈ, ਉਥੇ ਨਾਲ ਹੀ ਵਰਤਮਾਨ ਸਮੇਂ ਅੰਦਰ ਕੁੜੀਆਂ ਵੱਲੋਂ ਆਪਣੀ ਮਿਹਨਤ ਸਦਕਾ ਦੁਨੀਆਂ ਦੇ ਹਰ ਖੇਤਰ ਵਿਚ ਮਾਰੀਆਂ ਗਈਆਂ ਮੱਲਾਂ ਦਾ ਵੀ ਜ਼ਿਕਰ ਕੀਤਾ

ਮਿਲਦਾ ਹੈ। ਇਸ ਵਿਚ ਧੀ ਸੂਤਰਧਾਰ ਬਣਕੇ ਇਹ ਵੀ ਦੱਸਦੀ ਹੈ ਕਿ ਸਮਕਾਲੀ ਸਮਾਜ ਅੰਦਰ ਕਿੰਨੇ ਅਹੁਦਿਆਂ 'ਤੇ ਧੀਆਂ ਨੇ ਮਾਣ ਹਾਸਿਲ ਕੀਤਾ ਹੈ। ਇਹ ਗੀਤ ਸੰਬੋਧਨੀ ਸ਼ੈਲੀ ਵਿਚ ਲਿਖਿਆ ਅਜਿਹਾ ਗੀਤ ਹੈ ਜਿਸ ਅੰਦਰ ਸੰਬੋਧਨ ਭਾਵੇਂ ਅਜੋਕੇ ਮਨੁੱਖ ਨੂੰ ਕੀਤਾ ਗਿਆ ਹੈ ਪਰ ਇਸ ਗੀਤ ਦੇ ਸਮੁੱਚੇ ਬੰਦਾਂ ਅੰਦਰ ਨਾਨਕ ਬਾਣੀ ਦੀ ਵਿਚਾਰਧਾਰਾ ਕਾਰਜਸ਼ੀਲ ਹੈ –

ਨਾਨਕ ਦੀ ਸੋਚ ਨਾਲੋਂ , ਹੋ ਗਏ ਤੁਸੀਂ ਬੇਮੁਖ ਸਾਰੇ
ਇਕ ਧੀ ਦੀ ਕੁੱਖੋਂ ਜੰਮ ਕੇ, ਦੂਜੀ ਨੂੰ ਕਾਹਤੋਂ ਮਾਰੇਂ
ਮੁੰਡੇ ਦੇ ਜੰਮਣ ਤੇ ਤੂੰ ਬਾਬਲਾ ਮਨਾਵੇ ਲੋਹੜੀ
ਧਿਆਣੀ ਧੀ ਨੂੰ ਸਮਝੇ ਕਾਹਤੋਂ ਬੇਲੋੜੀ...[35]

ਦੂਜੇ ਪਾਸੇ ਕੁਝ ਸੰਕਟ ਕੁਦਰਤੀ ਹਨ ਜਿੰਨਾਂ ਨੂੰ ਮਨੁੱਖ ਟਾਲ ਨਹੀਂ ਸਕਦਾ ਪਰ ਉਹਨਾਂ ਹਾਦਸਿਆਂ ਵਿਚ ਮਨੁੱਖਤਾ ਦੀ ਮਦਦ ਜ਼ਰੂਰ ਕਰ ਸਕਦਾ ਹੈ। ਇਸ ਸੰਦਰਭ ਵਿਚ ਗਾਇਕ 'ਹਿੰਮਤ ਸੰਧੂ' ਦਾ ਇਕ ਗੀਤ 'ਵੀਹਾਂ ਦਾ ਵਿਆਜ਼' ਦੇਖਣਯੋਗ ਹੈ ਜਿਸ ਵਿਚ ਹੜ੍ਹ, ਡੱਖੜ, ਤੂਫਾਨ, ਸੋਕਾ, ਭੂਚਾਲ, ਮਹਾਂਮਾਰੀ ਜਾਂ ਭਿਆਨਕ ਦੁਰਘਟਨਾਵਾਂ ਦੇ ਪ੍ਰਸੰਗ ਵਿਚ ਪੰਜਾਬੀ ਕੌਮ ਵਿਚਲੀ ਨੌਜੁਆਨੀ ਦੇ ਸਾਕਾਰਤਮਕ ਪੱਖ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਹ ਅੱਜ ਦੇ ਸਮਿਆਂ ਦਾ ਉਹ ਗੀਤ ਹੈ ਜਿਸ ਸਮੇਂ ਪੰਜਾਬ ਦੀ ਨੌਜੁਆਨੀ ਭਾਵੇਂ ਗੰਭੀਰ ਸੰਕਟ ਦੀ ਸਥਿਤੀ 'ਚੋਂ ਗੁਜ਼ਰ ਰਹੀ ਹੈ ਪਰ ਗੁਰੂ ਨਾਨਕ ਦੀ ਵਿਚਾਰਧਾਰਾ ਅਨੁਸਾਰ ਕਿਸੇ ਲੋੜਵੰਦ ਦੀ ਮਦਦ ਕਰਨੀ ਇਹ ਪੰਜਾਬੀ ਕੌਮ ਅਜੇ ਵੀ ਨਹੀਂ ਭੁੱਲੀ। ਸੋ ਇਸ ਗੀਤ ਵਿਚ ਗੁਰੂ ਨਾਨਕ ਦੇ ਵੰਡ ਛਕਣ ਦੇ ਸਿਧਾਂਤ ਵਾਲਾ ਬਿੰਬ ਗੀਤ ਦੇ ਪੂਰੇ ਕੈਨਵਸ 'ਤੇ ਛਾਇਆ ਹੋਇਆ ਹੈ -

ਆਇਆ ਹੋਵੇ ਹੜ੍ਹ ਭਾਵੇਂ ਪਿਆ ਹੋਵੇ ਸੋਕਾ
ਗੁਰੂ ਘਰ ਦੇ ਸਪੀਕਰਾਂ 'ਚੋਂ ਆਵੇ ਸਾਂਝਾ ਹੋਕਾ
ਭੁੱਖਾ ਸੌਂਵੇਂ ਨਾ ਕੋਈ ਰੋਟੀ ਤੋਂ ਜਹਾਨ 'ਤੇ
ਏਸੇ ਲਈ ਚਲਾਉਂਦਾ ਹੈ ਲੰਗਰ ਖਾਲਸਾ
ਬਾਬੇ ਨਾਨਕ ਦੇ ਵੀਹਾਂ ਦੇ ਵਿਆਜ਼ ਨਾਲ
ਦੁਨੀਆਂ 'ਤੇ ਲਾਉਂਦਾ ਹੈ ਲੰਗਰ ਖਾਲਸਾ...[36]

**2.5 ਨਿਰੋਲ ਸ਼ਰਧਾ-ਮੂਲਕ ਭਾਵਨਾ ਨਾਲ ਸਬੰਧਿਤ**–

ਵਿਸ਼ੇ ਨਾਲ ਸਬੰਧਿਤ ਕੁਝ ਗੀਤ ਅਜਿਹੇ ਵੀ ਮਿਲਦੇ ਹਨ ਜਿੰਨਾਂ ਵਿਚ ਗੁਰੂ ਨਾਨਕ ਦਾ ਬਿੰਬ ਇਕ ਚਮਤਕਾਰੀ ਅਵਤਾਰ ਵਾਲਾ ਹੈ, ਜਿਸ ਵਿਚ ਗੁਰੂ ਨਾਨਕ ਸਬੰਧੀ ਸ਼ਰਧਾ-ਭਾਵਨਾ ਨੂੰ ਪੇਸ਼ ਕੀਤਾ ਗਿਆ ਮਿਲਦਾ ਹੈ। ਮਸਲਨ –

ਆਓ ਗੁਰੂ ਨਾਨਕ ਨੂੰ ਅੱਜ ਸੀਸ ਝੁਕਾ ਆਈਏ

ਉਹਦੇ ਚਰਨਾਂ ਦੀ ਧੂੜੀ ਮੱਥੇ ਨਾਲ ਲਾ ਆਈਏ...[37]

ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ...[38]

ਉਪਰੋਕਤ ਵਿਚਾਰ ਚਰਚਾ ਦੇ ਆਧਾਰ ‘ਤੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਰਿਕਾਰਡ ਗਾਇਕੀ ਵਿਚ ਵੰਡ ਤੋਂ ਪਹਿਲਾਂ ਅਤੇ ਬਾਅਦ ਦੋਨਾਂ ਸਮਿਆਂ ਵਿਚ ਹੀ ਗੁਰੂ ਨਾਨਕ ਦੇ ਬਿੰਬ ਦੀ ਪੇਸ਼ਕਾਰੀ ਹੁੰਦੀ ਆਈ ਹੈ। ਵੰਡ ਤੋਂ ਪਹਿਲਾਂ ਦੀ ਪੰਜਾਬੀ ਗਾਇਕੀ ਵਿਚ ਜਿੱਥੇ ਗੁਰੂ ਨਾਨਕ ਨਾਲ ਸਬੰਧਿਤ ਜਨਮਸਾਖੀਆਂ ਬਹੁਤੇ ਗੀਤਾਂ ਦੀ ਆਧਾਰ-ਸਮੱਗਰੀ ਬਣਦੀਆਂ ਹਨ ਉਥੇ ਵੰਡ ਤੋਂ ਬਾਅਦ ਸਮਕਾਲੀ ਗਾਇਕੀ ਦੇ ਫਿਲਮਾਂਕਣ ਤੱਕ ਪਹੁੰਚਦਿਆਂ ਉਹੀ ਬਿੰਬ ਨਾਨਕ ਬਾਣੀ ਦੇ ਵਿਚਾਰਧਾਰਾਈ ਪਾਸਾਰਾਂ ਨੂੰ ਅਲੋਚਨਾਤਮਿਕ ਸ਼ੈਲੀ ਰਾਹੀਂ ਪੇਸ਼ ਕਰਦਾ ਹੈ। ਦੋਨਾਂ ਸਮਿਆਂ ਵਿਚ ਰਿਕਾਰਡ ਹੋਈ ਗਾਇਕੀ ਅੰਦਰ ਸਾਂਝਾ ਸੂਤਰ ਇਹ ਹੈ ਕਿ ਸਮੁੱਚੀ ਗਾਇਕੀ ਅੰਦਰ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਕੇਂਦਰੀ ਬਿੰਬ ਕਿਰਤ ਕਰਨਾ+ਨਾਮ ਜੱਪਣਾ+ਵੰਡ ਛੱਕਣਾ ਹੀ ਰਿਹਾ ਹੈ, ਜਿਸ ਪਿੱਛੇ ਮੱਧਕਾਲੀ ਵਿਚਾਰਧਾਰਾ ਵਾਲੇ ਤੱਤ ਜਿਵੇਂ ਕਿਸਮਤ, ਭਾਗਵਾਦ, ਹੋਣੀ, ਕਰਮ ਫਿਲਾਸਫੀ, ਮਿਹਰ ਜਾਂ ਬਖਸ਼ਿਸ਼ ਅਤੇ ਬ੍ਰਹਮ ਦਾ ਸੰਕਲਪ ਆਦਿ ਕਾਰਜਸ਼ੀਲ ਹਨ। ਪਰ ਸਭ ਤੋਂ ਵੱਡੀ ਗੱਲ ਇਹ ਕਿ ਇਹ ਤੱਤ ਮਹਿਜ਼ ਧਾਰਮਿਕ ਕਦਰਾਂ-ਕੀਮਤਾਂ ਵਾਲੇ ਨਾ ਹੋ ਕੇ ਨੈਤਿਕ ਕਦਰਾਂ-ਕੀਮਤਾਂ ਵਾਲੇ ਹਨ ਜਿਹੜੇ ਸਮੁੱਚੀ ਮਾਨਵਤਾ ਨੂੰ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹਨ ਜਿਸਨੂੰ ਜੇਕਰ ਪੰਜਾਬੀ ਰਿਕਾਰਡ ਗਾਇਕੀ ਦੇ ਇਤਿਹਾਸ ਵਿਚ ਇਕ ਵਿਲੱਖਣ ਪ੍ਰਾਪਤੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

## ਹਵਾਲੇ ਅਤੇ ਟਿੱਪਣੀਆਂ


1. ਰਾਜਿੰਦਰ ਪਾਲ ਸਿੰਘ ਬਰਾੜ (ਲੇਖਕ ਅਤੇ ਸੰਪਾ.), ਨਵੇਂ ਕਲਾ- ਰੂਪ ਗੀਤ ਵੀਡੀਓ ਦੇ ਅਧਿਐਨ ਦੀ ਸਮੱਸਿਆ ,ਪੰਜਾਬੀ ਭਾਸ਼ਾ, ਸਾਹਿਤ ,ਸਭਿਆਚਾਰ ਅਤੇ ਮੀਡੀਆ : ਅੰਤਰ-ਸੰਵਦ ,ਪੰਨਾ-71
2. ਉਹੀ, ਪੰਨਾ-70
3. ਅਮਰ ਸਿੰਘ ਸ਼ੌਂਕੀ (ਗਾਇਕ ਅਤੇ ਗੀਤਕਾਰ), ਵਾਰ ਨਾਨਕ ਤੇ ਬੇਬੇ ਨਾਨਕੀ, ਅਮਰ ਸਿੰਘ ਸ਼ੌਂਕੀ, ਮਿਤੀਹੀਣ
4. ਲਾਲ ਚੰਦ ਯਮਲਾ ਜੱਟ (ਗਾਇਕ ਅਤੇ ਗੀਤਕਾਰ), ਕੇ.ਐਸ.ਨਰੂਲਾ (ਸੰਗੀਤਕਾਰ), 1969, ਐਚ.ਐਮ.ਵੀ., 7EPE. 1873. ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
5. ਲਾਲ ਚੰਦ ਯਮਲਾ ਜੱਟ (ਗਾਇਕ ਅਤੇ ਗੀਤਕਾਰ), ਐਚ.ਐਮ.ਵੀ., ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ

6. ਦਿਲਜੀਤ ਦੁਸਾਂਝ (ਗਾਇਕ), ਵੀਤ ਬਲਜੀਤ (ਗੀਤਕਾਰ), , https://www.youtube.com/watch?v=539It5JM0nU,
7. ਰੁਪਿੰਦਰ ਹਾਂਡਾ (ਗਾਇਕ), ਨਰਿੰਦਰ ਬਾਠ (ਗੀਤਕਾਰ), https://www.youtube.com/watch?v=0TxLFwMtSBI,
8. ਲਾਲ ਚੰਦ ਯਮਲਾ ਜੱਟ + ਮਹਿੰਦਰਜੀਤ ਕੌਰ ਸੇਖੋਂ (ਗਾਇਕ+ਸਹਿ-ਗਾਇਕ), ਐਚ.ਐਮ.ਵੀ.N. 93386, 1973, ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
9. ਲਾਲ ਚੰਦ ਯਮਲਾ ਜੱਟ (ਗਾਇਕ+ਗੀਤਕਾਰ), ਕੇ.ਐਸ.ਨਰੂਲਾ (ਸੰਗੀਤਕਾਰ), 1982, ਐਚ.ਐਮ.ਵੀ., ECSD.3061, ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
10. ਮਿਸ ਪੂਜਾ (ਗਾਇਕਾ), ਰਣਬੀਰ ਰਾਣਾ (ਗੀਤਕਾਰ), https://www.youtube.com/watch?v=qJ4l6k7aDK8
11. ਜਸਦੇਵ ਯਮਲਾ (ਗਾਇਕ ਅਤੇ ਗੀਤਕਾਰ), ਸੋਹਨ ਲਾਲ (ਸੰਗੀਤਕਾਰ), ਇਨਰੀਕੋ, 2242-0565, 1979, ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
12. ਲਾਲ ਚੰਦ ਯਮਲਾ ਜੱਟ (ਗਾਇਕ ਅਤੇ ਗੀਤਕਾਰ), ਕੇ.ਐਸ.ਨਰੂਲਾ (ਸੰਗੀਤਕਾਰ), 1969, ਐਚ.ਐਮ.ਵੀ., 7EPE. 1873. ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
13. ਲਾਲ ਚੰਦ ਯਮਲਾ ਜੱਟ + ਮਹਿੰਦਰਜੀਤ ਕੌਰ ਸੇਖੋਂ (ਗਾਇਕ+ਸਹਿ-ਗਾਇਕ), ਐਚ.ਐਮ.ਵੀ.N. 93386, 1973, ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
14. ਕੰਵਰ ਗਰੇਵਾਲ, https://www.youtube.com/watch?v=pGutbmWNXoc
15. ਲਾਲ ਚੰਦ ਯਮਲਾ ਜੱਟ (ਗਾਇਕ ਅਤੇ ਗੀਤਕਾਰ), ਕੇ.ਐਸ.ਨਰੂਲਾ (ਸੰਗੀਤਕਾਰ), 1969, ਐਚ.ਐਮ.ਵੀ., 7EPE. 1873. ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
16. ਮਲਕੀਅਤ ਸਿੰਘ (ਗਾਇਕ), ਗੁਰਮੀਤ ਬਲੀਚੋ (ਗੀਤਕਾਰ), https://www.youtube.com/watch?v=R2dWXhwG4uI
17. ਬੱਬੂ ਮਾਨ (ਗਾਇਕ ਅਤੇ ਗੀਤਕਾਰ), https://www.youtube.com/watch?v=Vb_qK5wm-bg
18. ਲਾਲ ਚੰਦ ਯਮਲਾ ਜੱਟ (ਗਾਇਕ ਅਤੇ ਗੀਤਕਾਰ), ਕੇ.ਐਸ.ਨਰੂਲਾ (ਸੰਗੀਤਕਾਰ), 1969, ਐਚ.ਐਮ.ਵੀ., 7EPE. 1873. ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
19. ਦਲਜੀਤ ਚਾਹਲ (ਗਾਇਕ), ਕਾਬਲ ਸਰੂਪ ਵਾਲੀ (ਗੀਤਕਾਰ), https://www.youtube.com/watch?v=W_srQTmywsY

20. ਪ੍ਰੀਤ ਹਰਪਾਲ (ਗਾਇਕ), ਜੈਮੀਤ (ਗੀਤਕਾਰ), https://www.youtube.com/watch?v=4VH7zZ4_q9s
21. ਸਿਮਰ ਗਿੱਲ (ਗਾਇਕ), ਬਾਬਾ ਨਾਨਕ, ਆਕਾਸ਼ ਬੱਲ (ਗੀਤਕਾਰ), https://www.youtube.com/watch?v=8vCpu5L5INU
22. ਆਰ. ਨੇਤ (ਗਾਇਕ ਅਤੇ ਗੀਤਕਾਰ), https://www.youtube.com/watch?v=U-UgxO1Pib8
23. ਜੈਲੀ ਮਨਜੀਤਪੁਰੀ (ਗਾਇਕ), ਪੈਰੀ ਸਰਪੰਚ (ਗੀਤਕਾਰ), https://www.youtube.com/watch?v=f99anIpMXKE
24. ਗੁਰਦਾਸ ਮਾਨ (ਗਾਇਕ ਅਤੇ ਗੀਤਕਾਰ), https://www.youtube.com/watch?v=HvR7qfpqpYM
25. ਲਾਲ ਚੰਦ ਯਮਲਾ ਜੱਟ (ਗਾਇਕ ਅਤੇ ਗੀਤਕਾਰ), ਕੇ.ਐਸ.ਨਰੂਲਾ (ਸੰਗੀਤਕਾਰ), 1969, ਐਚ.ਐਮ.ਵੀ., 7EPE. 1873. ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
26. ਮਿਸ ਪੂਜਾ (ਗਾਇਕ), ਹਰਦੀਪ ਦਨੌਲੀ, https://www.youtube.com/watch?v=AidQbgBBv0o
27. ਅਮਰ ਸਿੰਘ ਚਮਕੀਲਾ (ਗਾਇਕ), ਸਵਰਨ ਸਿਵੀਆ (ਗੀਤਕਾਰ), ਐਚ.ਐਮ.ਵੀ. L.P. 33 1/3 r.p.m., 1987, ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
28. ਲਾਲ ਚੰਦ ਯਮਲਾ ਜੱਟ (ਗਾਇਕ ਅਤੇ ਗੀਤਕਾਰ), ਮਿਤੀਹੀਣ, ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
29. ਕਰਨੈਲ ਗਿੱਲ (ਗਾਇਕ), ਹਰਦੇਵ ਦਿਲਗੀਰ (ਗੀਤਕਾਰ), ਮਿਤੀਹੀਣ, ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ
30. ਹੰਸ ਰਾਜ ਹੰਸ (ਗਾਇਕ), ਚਰਨ ਸਿੰਘ ਸਫ਼ਰੀ (ਗੀਕਤਾਰ), https://www.youtube.com/watch?v=JROH5HZAbAI
31. ਵੀਤ ਬਲਜੀਤ (ਗਾਇਕ ਅਤੇ ਗੀਤਕਾਰ), https://www.youtube.com/watch?v=JROH5HZAbAI
32. ਦਿਲਜੀਤ ਦੁਸਾਂਝ (ਗਾਇਕ), ਵੀਤ ਬਲਜੀਤ (ਗੀਤਕਾਰ), https://www.youtube.com/watch?v=JVSshOFPJBk
33. ਦਿਲਜੀਤ ਦੁਸਾਂਝ (ਗਾਇਕ), ਹਰਮਨਜੀਤ (ਗੀਤਕਾਰ), https://www.youtube.com/watch?v=gikrOo1EGI4
34. ਰਵਿੰਦਰ ਗਰੇਵਾਲ (ਗਾਇਕ), ਰਵੀਰਾਜ (ਗੀਤਕਾਰ), https://www.youtube.com/watch?v=jeep65AIRYk
35. ਹਰਸ਼ਦੀਪ (ਗਾਇਕ), ਗੈਰੀ ਗਰੇਵਾਲ (ਗੀਤਕਾਰ), https://www.youtube.com/watch?v=GeFbyrGjZXE
36. ਹਿੰਮਤ ਸੰਧੂ (ਗਾਇਕ), ਲਾਡੀ ਗਿੱਲ (ਗੀਤਕਾਰ), https://www.youtube.com/watch?v=5tCOmnoBYGU

37. ਸਤਵਿੰਦਰ ਬਿੱਟੀ (ਗਾਇਕ), ਹਰਵਿੰਦਰ ਓਹੜਪੁਰੀ (ਗੀਤਕਾਰ), https://www.youtube.com/watch?v=H2-VNrvjt5o
38. ਨਰਿੰਦਰ ਬੀਬਾ (ਗਾਇਕ), ਰਣਬੀਰ ਰਾਣਾ+ ਫ਼ਕੀਰ ਸਿੰਘ (ਸਹਿ-ਗਾਇਕ), ਭੁੱਲਾ ਰਾਮ ਚੰਨ (ਗੀਤਕਾਰ), ਕੇ.ਐਸ. ਨਰੂਲਾ (ਸੰਗੀਤਕਾਰ), 1904, ਐਚ.ਐਮ.ਵੀ. ECSD. 3107, ਜਸਪਾਲ ਸਿੰਘ ਕੁੱਥਾਖੇੜੀ ਤੋਂ ਪ੍ਰਾਪਤ ਤਵੇ ਦੀ ਜਾਣਕਾਰੀ ਅਨੁਸਾਰ